# ਵਚਨ ਦੇ ਕਾਰਨ ਨਿੰਦਾ ਸਹਿਣਾ

ਤੁਹਾਡਾ ਧੰਨਵਾਦ, ਭਾਈ ਨੇਵਿਲ।

ਮੈਂ ਭਾਈ ਨੇਵਿਲ ਨੂੰ ਕਿਹਾ, "ਤੁਹਾਨੂੰ ਯਕੀਨ ਹੈ ਕਿ ਅੱਜ ਸਵੇਰ ਦੇ ਲਈ ਤੁਹਾਡੇ ਕੋਲ ਥੋੜਾ ਜਿਹਾ ਵੀ ਮਸਹ ਨਹੀਂ ਹੈ?"

2 ਮੈਂ ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ ਇੱਥੇ ਆਇਆ। ਉੱਥੇ ਕੁਝ ਲੋਕ ਇਕੱਠੇ ਹੋਏ ਸਨ ਜਿਸ ਵਿੱਚ ਅਸੀਂ...ਐਤਵਾਰ ਨੂੰ ਸਵਖਤੇ। ਮੈਨੂੰ ਉੱਥੇ ਜਿਨ੍ਹਾਂ ਨੂੰ ਮਿਲਨਾ ਸੀ, ਮੈਂ ਉਨ੍ਹਾਂ ਨੂੰ ਇੱਥੇ ਕਲੀਸਿਯਾ ਵਿੱਚ ਆਉਣ ਲਈ ਕਿਹਾ ਹੈ। ਅਤੇ ਮੈਂ—ਮੈਂ ਹਮੇਸ਼ਾਂ ਸੋਚਦਾ ਹਾਂ ਕਿ ਇੱਥੇ ਕਲੀਸਿਯਾ ਦੇ ਵਿੱਚ ਬਿਮਾਰਾਂ ਲਈ ਪ੍ਰਾਰਥਨਾ ਕਰਨਾ ਬਿਹਤਰ ਹੈ। ਮੈਨੂੰ ਨਹੀਂ ਪਤਾ। ਮੈਨੂੰ ਕਲੀਸਿਯਾ ਪਸੰਦ ਹੈ, ਅਤੇ ਇੱਥੇ ਆਉਣਾ ਜਿੱਥੇ ਕਲੀਸਿਯਾ, ਜਿੱਥੇ ਲੋਕ ਪ੍ਰਾਰਥਨਾ ਕਰ ਰਹੇ ਹਨ।

3 ਅਤੇ ਉੱਥੇ ਇੱਕ ਛੋਟੀ ਕੁੜੀ ਸੀ, ਸਭ ਤੋਂ ਸੋਹਣੀ ਛੋਟੀ ਕੁੜੀ, ਕਿਉਂਕਿ, ਮੈਨੂੰ ਲੱਗਦਾ ਹੈ ਕਿ ਉਹ ਹੁਣ ਇੱਥੇ ਕਿਤੇ ਬੈਠੀ ਹੋਈ ਹੈ, ਜੇਕਰ ਲੋਕ ਘਰ ਨਹੀਂ ਗਏ। ਔਹ, ਮੈਂ ਹੁਣ ਦੇਖ ਰਿਹਾ ਹਾਂ। ਅਤੇ ਇਹ ਸਭ ਤੋਂ ਸੋਹਣੀ ਛੋਟੀ ਚੀਜ਼ ਹੈ। ਅਤੇ ਉਹ ਬਹੁਤ ਬਿਮਾਰ ਹੈ। ਅਤੇ ਅਸੀਂ ਸੁਣ ਰਹੇ ਸੀ, ਜਦੋਂ ਅਸੀਂ ਪਰਾਈ ਭਾਸ਼ਾ ਅਤੇ ਉਸਦੇ ਅਰਥ ਦੇ ਸੰਦੇਸ਼ ਨੂੰ ਸੁਣਿਆ। ਅਤੇ ਅਸੀਂ ਸੁਣ ਰਹੇ ਸੀ, ਅਤੇ ਅਸੀਂ ਸੋਚਿਆ ਕਿ ਅਸੀਂ ਸਮਝ ਗਏ ਕਿ ਇੱਕ ਛੋਟੀ ਕੁੜੀ ਬਾਰੇ ਕੁਝ ਕਿਹਾ ਗਿਆ ਸੀ। ਅਤੇ ਅਸੀਂ ਇਹ ਦੇਖਣ ਦੀ ਉਡੀਕ ਕਰ ਰਹੇ ਸੀ ਕਿ ਕੀ ਪ੍ਰਭੂ ਨੇ ਕੋਈ ਸੰਦੇਸ਼ ਦਿੱਤਾ ਹੈ, ਉੱਥੇ ਕੀ ਕਹਿਣਾ ਹੈ। ਪਰ ਮੈਂ ਸੋਚਦਾ ਹਾਂ ਛੋਟੀ ਕੁੜੀ ਹੁਣ ਬਿਲਕੁਲ ਠੀਕ ਹੈ, ਅਤੇ ਠੀਕ ਹੋਣ ਜਾ ਰਹੀ ਹੈ। ਅਤੇ ਤਾਂ...

4 ਅਤੇ ਇੱਕ ਔਰਤ ਵੀ ਸੀ, ਜਿਸਦੀ ਨਜ਼ਰ ਚਲੀ ਗਈ ਸੀ, ਅਤੇ ਅਸੀਂ ਉਸਦੇ ਲਈ ਪ੍ਰਾਰਥਨਾ ਕਰ ਰਹੇ ਸੀ। ਅਤੇ ਉੱਥੇ ਇੱਕ ਐਂਬੂਲੈਂਸ ਵਿੱਚ ਕੋਈ ਆਦਮੀ ਸੀ, ਇੱਕ ਸੇਵਕ ਸੀ। ਮੈਨੂੰ ਨਹੀਂ ਲੱਗਦਾ ਕਿ ਉਸ ਆਦਮੀ ਦਾ ਪੈਂਤੀ, ਜਾਂ ਚਾਲੀ ਪੌਂਡ ਵਜ਼ਨ ਹੋਵੇਗਾ। ਬਸ—ਬਸ ਬਹੁਤ, ਬਹੁਤ...ਅਤੇ ਇਸ ਲਈ ਮੈਂ ਉਨ੍ਹਾਂ ਲਈ ਪ੍ਰਾਰਥਨਾ ਕਰਨ ਲਈ ਇੱਥੇ ਆਇਆ ਹਾਂ।

5 ਅਤੇ ਜਿਸ ਕਾਰਨ ਮੈਂ ਇੱਕ ਤਰ੍ਹਾਂ ਨਾਲ ਝਿਜਕ ਰਿਹਾ ਸੀ, ਬਹੁਤ ਸਾਰੀ, ਮੇਰੇ ਦੰਦ ਵਿੱਚੋਂ, ਬਹੁਤ ਸਾਰੀ ਭਰਾਈ ਕਿਰ ਗਈ ਸੀ। ਅਤੇ ਅੱਜ ਸਵੇਰੇ, ਮੇਰੇ ਮੂੰਹ ਵਿੱਚੋਂ ਆਪਣੇ ਆਪ ਹੀ ਸੀਟੀ ਵੱਜ ਰਹੀ ਹੈ, ਮੇਰੇ ਦੰਦ ਦੇ ਵਿੱਚੋਂ

ਉਸ ਜਗ੍ਹਾ ਤੋਂ, ਜੋ ਸਾਹਮਣੇ ਹੈ। ਅਤੇ ਹੁਣ ਉਹ ਮੈਨੂੰ ਕਹਿੰਦੇ ਹਨ ਕਿ ਮੈਨੂੰ ਉਨ੍ਹਾਂ ਨੂੰ ਰਗੜਾਉਣਾ ਪਵੇਗਾ, ਅਤੇ ਉਨ੍ਹਾਂ ਉੱਤੇ ਢੱਕਣ ਲਵਾਣੇ ਪੈਣਗੇ। ਅਤੇ ਇਸ ਲਈ ਇਹ ਬਸ ਬੁਢਾਪਾ ਹੁਣ ਹੌਲੀ-ਹੌਲੀ ਉੱਪਰ ਆ ਰਿਹਾ ਹੈ, ਸਿਰਫ ਉਹੀ ਗੱਲ ਹੈ ਜੋ ਮੈਂ ਜਾਣਦਾ ਹਾਂ। ਅਤੇ ਮੈਂ ਉਸ ਵਿੱਚ ਇੱਕ ਭਰਤੀ ਕਰਵਾਈ ਹੋਈ ਸੀ, ਅਤੇ ਇਸਦਾ ਅੱਧਾ ਹਿੱਸਾ, ਅਤੇ ਜਦੋਂ ਮੈਂ ਬੋਲਣਾ ਸ਼ੁਰੂ ਕਰਦਾ ਹਾਂ, ਤੁਸੀਂ ਇਸਨੂੰ ਮਹਿਸੂਸ ਕਰ ਸਕਦੇ ਹੋ, ਜਿਵੇਂ ਹਵਾ ਬਾਹਰ ਨਿਕਲ ਰਹੀ ਹੈ, ਤੁਸੀਂ—ਤੁਸੀਂ ਜਾਣਦੇ ਹੋ ਕਿ ਮੇਰਾ ਕੀ ਮਤਲਬ ਹੈ, ਮੇਰੇ ਬੁੱਲ੍ਹਾਂ ਤੋਂ ਬਾਹਰ। ਅਤੇ ਇਹ ਤੁਹਾਨੂੰ ਇੱਕ ਕਿਸਮ ਦਾ ਤੋਤਲਾ ਜਿਹਾ ਬਣਾ ਦਿੰਦਾ ਹੈ।

6 ਅਸੀਂ ਸੱਚਮੁੱਚ ਭਾਗਾਂ ਵਾਲੇ ਲੋਕ ਹਾਂ ਜੋ ਅੱਜ ਸਵੇਰੇ ਜਿਉਂਦੇ ਹਾਂ, ਅਤੇ ਕਲੀਸਿਯਾ ਵਿੱਚ ਆਉਣ ਦੇ ਯੋਗ ਹਾਂ। ਅਤੇ ਕ੍ਰਿਸਮਸ ਤੋਂ ਪਹਿਲਾਂ ਦੀ ਇਸ ਸ਼ਾਮ ਤੇ, ਉਸ ਜਸ਼ਨ ਦੇ ਲਈ ਰੁਕੇ ਹੋਏ ਹਾਂ ਜੋ ਉਹ ਮਨਾਉਂਦੇ ਹਨ, ਜੋ ਕਿ, ਮੈਨੂੰ—ਮੈਨੂੰ ਉਮੀਦ ਹੈ ਕਿ ਮੈਂ...ਅੱਜ ਸਵੇਰੇ ਇੱਥੇ ਬਹੁਤ ਸਾਰੇ ਬੱਚੇ ਹਨ, ਇਸ ਲਈ ਮੈਂ ਰੁੱਕਿਆ ਰਹਾਂਗਾ। ਸਮਝੇ? ਅਤੇ ਅਸੀਂ ਬਾਲਗ, ਕਈ ਵਾਰ, ਅਸੀਂ ਅਜਿਹੀਆਂ ਗੱਲਾਂ ਬੋਲਦੇ ਹਾਂ ਜੋ ਬੱਚਿਆਂ ਨੂੰ ਸੁਣਨੀਆਂ ਵੀ ਨਹੀਂ ਚਾਹੀਦੀਆਂ, ਤੁਸੀਂ ਜਾਣਦੇ ਹੋ।

7 ਪਰ, ਮੈਂ ਸੋਚਦਾ ਹਾਂ ਕਿ ਕਲੀਸਿਯਾ ਕੋਲ ਛੋਟੇ ਬੱਚਿਆਂ ਲਈ ਇੱਥੇ ਇੱਕ ਛੋਟਾ ਜਿਹਾ ਤੋਹਫ਼ਾ ਹੈ, ਥੋੜੀ ਦੇਰ ਬਾਅਦ। ਮੈਂ ਬਸ ਇਸ ਨੂੰ ਦੇਖ ਰਿਹਾ ਸੀ, ਉੱਥੇ ਪਿਛਾਂਹ। ਔਹ, ਤੁਸੀਂ ਰੁਕਣਾ ਚਾਹੁੰਦੇ ਹੋ। ਸੰਡੇ ਸਕੂਲ ਤੋਂ ਬਾਅਦ, ਤੁਸੀਂ ਬੱਸ ਰੁਕੇ ਰਹਿਣਾ, ਦੇਖੋ, ਕਿਉਂਕਿ ਮੈਨੂੰ—ਮੈਨੂੰ ਲਗਦਾ ਹੈ ਕਿ ਉਨ੍ਹਾਂ ਕੋਲ ਅੱਜ ਸਵੇਰੇ ਛੋਟੇ ਬੱਚਿਆ ਨੂੰ ਦੇਣ ਲਈ ਕੁਝ ਤੋਹਫ਼ੇ ਹਨ। ਅਤੇ ਜਦੋਂ ਮੈਂ...ਤੁਸੀਂ ਛੋਟੇ ਸਾਥੀਓ, ਯਾਦ ਰੱਖੋ, ਜਦੋਂ ਅਸੀਂ ਇਹ ਕਰ ਰਹੇ ਹਾਂ, ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ, ਇਹ ਸੈਂਟਾ ਕਲਾਜ਼ ਨਹੀਂ ਹੈ, ਕਿਉਂਕਿ ਇਹ ਇੱਕ ਕਹਾਣੀ ਹੈ ਜਿਸ ਬਾਰੇ ਕਿਸੇ ਦਿਨ ਤੁਸੀਂ ਜਾਣ ਜਾਓਗੇ ਕਿ ਇਹ ਕੁਝ ਨਹੀਂ ਹੈ। ਪਰ ਇਹ ਯਿਸੂ ਮਸੀਹ ਵੱਲੋਂ ਹੈ, ਸਾਰੀਆਂ ਸੱਚਾਈਆਂ ਦਾ ਸੱਚ, ਤੁਸੀਂ ਸਮਝੇ, ਪਰਮੇਸ਼ੁਰ ਦਾ ਪੁੱਤਰ। ਅਤੇ ਅਸੀਂ ਅੱਜ ਸਵੇਰੇ, ਤੁਹਾਨੂੰ ਇਹ ਛੋਟਾ ਤੋਹਫ਼ਾ ਦੇ ਰਹੇ ਹਾਂ, ਕਿਉਂਕਿ ਇਹ ਤੁਹਾਨੂੰ ਦੱਸ ਰਿਹਾ ਹੈ ਕਿ ਇੱਕ ਵਾਰ ਪਰਮੇਸ਼ੁਰ ਨੇ ਮਨੁੱਖ ਜਾਤੀ ਨੂੰ ਸਭ ਤੋਂ ਮਹਾਨ ਤੋਹਫ਼ਾ ਦਿੱਤਾ ਜੋ ਕਦੇ ਦਿੱਤਾ ਜਾ ਸਕਦਾ ਹੈ: ਉਸਦਾ ਪੁੱਤਰ। ਅਤੇ ਇਸ ਨੂੰ ਪ੍ਰਗਟ ਕਰਨ ਦਾ, ਸਾਡੇ ਕੋਲ ਇੱਕ ਮਾੜਾ ਤਰੀਕਾ ਹੈ। ਅਤੇ ਇਸ ਨਾਲ ਤੁਲਨਾ ਕਰਨ ਲਈ ਅਸੀਂ ਕੁਝ ਵੀ ਨਹੀਂ ਦੇ ਸਕਦੇ। ਪਰ ਜਿਵੇਂ ਮਰਨਹਾਰ ਪ੍ਰਾਣੀ, ਇੱਕ ਦੂਜੇ ਲਈ ਕਰਦੇ ਹਨ, ਅਸੀਂ ਅਜਿਹਾ ਕਰ ਰਹੇ ਹਾਂ।

8 ਹੁਣ, ਮੈਂ ਅਗਲੇ ਐਤਵਾਰ ਤੱਕ ਉਡੀਕ ਕਰਨਾ ਵਾਲਾ ਸੀ। ਅਤੇ ਮੈਂ ਸ਼ਾਇਦ, ਫਿਰ ਵੀ, ਉਸ ਚੀਜ਼ ਲਈ ਉਡੀਕ ਕਰਾਂਗਾ ਜੋ ਮੈਂ ਕਹਿਣਾ ਚਾਹੁੰਦਾ ਸੀ। ਅਤੇ ਸਾਡੇ ਉੱਤੇ ਕੁਝ ਪ੍ਰਗਟ ਕੀਤਾ ਗਿਆ—ਗਿਆ ਹੈ, ਘਰ ਦੇ ਅੰਦਰ, ਇੱਕ ਦਰਸ਼ਨ, ਜਿਸ ਅਨੁਸਾਰ ਮੈਨੂੰ ਚਲਣਾ ਚਾਹੀਦਾ ਹੈ। ਅਤੇ ਇਹ ਇੱਕ ਤਰ੍ਹਾਂ ਨਾਲ...ਇਹ ਇਸ ਤਰ੍ਹਾਂ ਦਾ ਹੈ, ਇੰਝ ਲੱਗਦਾ ਹੈ, ਇਹ ਇੱਕ ਤਰ੍ਹਾਂ ਨਾਲ ਔਖਾ ਹੋਵੇਗਾ, ਪਰ ਅਸੀਂ ਕਦੇ ਵੀ ਇਹ ਨਹੀਂ ਸੋਚਣਾ ਚਾਹੁੰਦੇ ਕਿ ਪਰਮੇਸ਼ੁਰ ਜੋ ਕਹਿੰਦਾ ਹੈ ਉਹ ਔਖਾ ਹੈ। ਉਸ—ਉਸ ਦੇ ਬੋਝ ਹਲਕੇ ਹੁੰਦੇ ਹਨ।

9 ਅਤੇ ਉਹ ਜੋ ਅਗਲੇ ਐਤਵਾਰ, ਜੇ ਪਰਮੇਸ਼ੁਰ ਦੀ ਇੱਛਾ ਹੋਈ, ਅਸੀਂ ਇੱਥੇ ਇੱਕ—ਇੱਕ ਸਭਾ ਰੱਖਣੀ ਚਾਹੁੰਦੇ ਹਾਂ ਜੋ ਨਵੇਂ ਸਾਲ ਦੀ ਸ਼ਾਮ ਤੋਂ ਠੀਕ ਪਹਿਲਾਂ ਹੋਵੇਗੀ, ਜੇਕਰ ਪ੍ਰਭੂ ਸਾਡੇ ਨਾਲ ਇਹ ਸਭਾ ਰੱਖਣ ਲਈ ਪ੍ਰਸੰਨ ਹੋਵੇ। ਅਤੇ ਅਸੀਂ ਸਵੇਰ ਦੀ ਸਭਾ ਰੱਖਣੀ ਚਾਹੁੰਦੇ ਹਾਂ, ਬਿਮਾਰਾਂ ਲਈ ਪ੍ਰਾਰਥਨਾ, ਅਤੇ ਸ਼ਾਇਦ ਬਪਤਿਸਮੇ ਦੀ ਸਭਾ ਵੀ ਹੋਵੇਗੀ। ਫਿਰ ਮੈਂ ਸੋਚਿਆ, ਸਾਡੇ ਦੋਸਤਾਂ ਲਈ ਇਸਦੀ ਮਸ਼ਹੂਰੀ ਕੀਤੀ ਜਾਵੇ, ਤਾਂ ਜੋ ਉਹ ਅੰਦਰ ਆ ਸਕਣ। ਫਿਰ ਸਾਡੇ ਕੋਲ ਐਤਵਾਰ ਦੀ ਸਵੇਰ ਅਤੇ ਐਤਵਾਰ ਦੀ ਰਾਤ ਹੋਵੇਗੀ। ਅਤੇ ਫਿਰ ਲੋਕ ਨਵੇਂ ਸਾਲ ਲਈ ਰੁਕਣਾ ਚਾਹੁੰਦੇ ਹਨ, ਫਿਰ ਸਾਡੇ ਕੋਲ ਇੱਕ... ਇਸ ਵਾਰ, ਘੜੀ ਰੱਖਣ ਜਾ ਰਹੇ ਹੋ? [ਭਾਈ ਨੇਵਿਲ ਕਹਿੰਦੇ ਹਨ, "ਹਾਂ।"—ਸੰਪਾ.]

10 ਇੱਥੇ ਬਹੁਤ ਸਾਰੇ ਸੇਵਕ ਹੋਣਗੇ, ਨਵੇਂ ਸਾਲ ਦੀ ਰਾਤ ਨੂੰ ਬੋਲਣਗੇ, ਠੀਕ ਅੱਧੀ ਰਾਤ ਤੱਕ। ਅਤੇ—ਅਤੇ ਅਸੀਂ ਅਜਿਹੇ ਸੇਵਕਾਂ ਨੂੰ ਆਉਣ ਅਤੇ ਬੋਲਣ ਲਈ ਸੱਦਾ ਦਿੰਦੇ ਹਾਂ। ਜੇ ਪ੍ਰਭੂ ਦੀ ਇੱਛਾ ਹੋਈ, ਤਾਂ ਮੈਂ ਉਨ੍ਹਾਂ ਵਿੱਚੋਂ ਇੱਕ ਬਣਨਾ ਚਾਹੁੰਦਾ ਹਾਂ ਜਿਸ ਕੋਲ ਨਵੇਂ ਸਾਲ ਦੀ ਰਾਤ ਨੂੰ ਬੋਲਣ ਲਈ ਕੁਝ ਹੈ।

11 ਅਤੇ ਫਿਰ ਅਗਲੇ ਐਤਵਾਰ, ਮੈਂ ਸੋਚਿਆ ਕਿ ਮੈਂ ਉਹਨਾਂ ਚੀਜ਼ਾਂ ਦਾ ਇੱਕ ਵੇਰਵਾ ਲਿਆਵਾਂਗਾ ਜੋ ਕੀਤੀਆਂ ਜਾ ਰਹੀਆਂ ਹਨ, ਜੋ ਕੀਤੀਆਂ ਗਈਆਂ ਹਨ, ਦਿਖਾਉਣ ਲਈ ਕਿ ਪਰਮੇਸ਼ੁਰ ਆਪਣੇ ਲੋਕਾਂ ਨਾਲ ਕਿਵੇਂ ਪੇਸ਼ ਆ ਰਿਹਾ ਹੈ, ਅਤੇ ਇਸਨੂੰ ਕਲੀਸਿਯਾ ਵਿੱਚ ਇੱਕ—ਇੱਕ ਚਰਮ ਤੇ ਲੈ ਕੇ ਆਉਂਦਾ ਹੈ।

12 ਅਤੇ ਤੁਹਾਡੇ ਵਿੱਚੋਂ ਬਹੁਤ ਸਾਰੇ ਇਸ ਆਮਦਨ ਟੈਕਸ ਮਾਮਲੇ ਬਾਰੇ ਸੋਚ ਹਨ ਜਿਸ ਵਿੱਚੋਂ ਅਸੀਂ ਲੰਘ ਰਹੇ ਹਾਂ। ਇਹ ਸੁਲਝ ਗਿਆ ਹੈ। ਅਤੇ ਇਸ ਲਈ ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਕਿਵੇਂ ਹੋਇਆ। ਅਤੇ ਮੈਂ ਸੋਚਦਾ ਹਾਂ, ਅਗਲੇ ਐਤਵਾਰ ਨੂੰ, ਇਸ ਬਾਰੇ ਦੁਬਾਰਾ ਦੱਸਣਾ ਪਏਗਾ, ਇਸ ਲਈ ਮੈਂ ਅਗਲੇ ਐਤਵਾਰ ਤੱਕ ਰੁਕਾਂਗਾ। ਅਤੇ ਅੱਜ ਸਵੇਰੇ, ਇਸ ਬਚਨ ਤੋਂ, ਤੁਹਾਡੇ ਨਾਲ ਥੋੜ੍ਹੀ ਜਿਹੀ ਗੱਲਬਾਤ ਕਰਨ ਦੀ ਕੋਸ਼ਿਸ ਕਰਾਂਗਾ। ਸਮਝੇ? ਅਤੇ

ਅਗਲੇ ਐਤਵਾਰ, ਮੈਂ ਕੌਸ਼ਿਸ ਕਰਾਂਗਾ—ਕਰਾਂਗਾ, ਜੇ ਪਰਮੇਸ਼ੁਰ ਨੇ ਚਾਹਿਆ, ਤੁਹਾਨੂੰ ਇਹ ਦੱਸਣ ਦੀ ਕੋਸ਼ਿਸ਼ ਕਰਾਂਗਾ ਕਿ ਇਹ ਸਭ ਕਿਵੇਂ ਹੋਇਆ, ਅਤੇ ਹਰ ਇੱਕ ਗੱਲ ਨੂੰ ਤੁਹਾਡੇ ਕੋਲ ਲਿਆਵਾਂਗਾ ਜੋ ਯਹੋਵਾਹ ਨੇ ਆਖੀ ਹੈ, ਅਤੇ ਇਸ ਨੂੰ ਬਿਲਕੁਲ ਇਸਦੇ ਸਥਾਨ ਤੇ ਪਹੁੰਚਦੇ ਹੋਏ ਵੇਖੋ, ਬਿਲਕੁਲ ਉਸੇ ਥਾਂ ਤੇ ਰੱਖਿਆ ਗਿਆ। ਵੇਖਿਆ? ਉਹ ਕੁਝ ਵੀ ਗਲਤ ਨਹੀਂ ਦੱਸਦਾ।

13 ਪਰ, ਹੁਣ, ਇੱਕ ਗੱਲ ਜੋ ਮੈਂ ਅੱਜ ਸਵੇਰੇ ਕਹਿਣਾ ਚਾਹੁੰਦਾ ਹਾਂ, ਜੋ ਮੈਂ ਸ਼ਾਇਦ ਨਾ ਕਹਿੰਦਾ, ਅਗਲੇ ਐਤਵਾਰ ਵੀ ਨਹੀਂ, ਇਹ ਉਸ ਬਾਰੇ ਹੈ ਜੋ ਕੱਲ੍ਹ ਵਾਪਰਿਆ ਸੀ। ਮੈਂ ਅੱਜ ਸਵੇਰੇ ਆਉਣ ਤੋਂ ਥੋੜਾ ਝਿਜਕਦਾ ਸੀ, ਕਿਉਂਕਿ ਮੈਂ ਸੱਚਮੁੱਚ ਥੱਕਿਆ ਹੋਇਆ ਸੀ, ਇਸ ਲਈ ਮੈਨੂੰ—ਮੈਨੂੰ ਇਹ ਬਹੁਤਾ ਚੰਗਾ ਨਹੀਂ ਲੱਗ ਰਿਹਾ ਸੀ। ਪਰ ਇਸ ਕਾਰਨ ਕਿ ਮੈਂ ਹੁਣ ਇੱਥੇ ਹਾਂ, ਠੀਕ ਹੈ, ਜੋ ਮੈਂ ਕਰ ਸਕਦਾ ਹਾਂ ਉਸ ਲਈ ਮੈਂ ਆਪਣੀ ਪੂਰੀ ਕੋਸ਼ਿਸ਼ ਕਰਾਂਗਾ।

14 ਬੀਤੀ ਰਾਤ ਤੋਂ ਪਹਿਲਾਂ, ਮੈਂ ਭਾਈ ਅਤੇ ਭੈਣ ਸੋਥਮੈਨ ਨਾਲ, ਸੰਗਤ ਕੀਤੀ, ਜਿਵੇਂ ਕਿ ਅਸੀਂ ਇੱਥੇ ਜਾਣਦੇ ਹਾਂ, ਜੋ ਕਲੀਸਿਯਾ ਦੇ ਟਰੱਸਟੀਆਂ ਵਿੱਚੋਂ ਇੱਕ ਹਨ, ਅਤੇ ਉਸਦੀ ਪਤਨੀ, ਮੈਨੂੰ ਅਤੇ ਮੇਰੀ ਪਤਨੀ ਮਿਲਣ ਲਈ ਆਏ। ਅਤੇ ਅਸੀਂ ਫੀਨਿਕਸ ਅਤੇ ਆਲੇ ਦੁਆਲੇ ਦੀਆਂ ਆਉਣ ਵਾਲੀਆਂ ਸਭਾਵਾਂ ਬਾਰੇ ਗੱਲ ਕਰ ਰਹੇ ਸੀ, ਕਿ ਜੇ ਇਹ ਪ੍ਰਭੂ ਦੀ ਇੱਛਾ ਹੋਵੇਗੀ। ਅਤੇ ਅਸੀਂ ਸਾਢੇ-ਦਸ ਵਜੇ ਤੱਕ ਜਾਗਦੇ ਰਹੇ, ਮੇਰਾ ਅੰਦਾਜ਼ਾ ਹੈ, ਅਤੇ ਮੈਂ ਗਿਆਰਾਂ ਵਜੇ ਦੇ ਆਸ-ਪਾਸ ਸੌਣ ਲਈ ਚਲਾ ਗਿਆ।

15 ਅਤੇ ਰਾਤ ਨੂੰ ਕਿਸੇ ਸਮੇਂ, ਮੈਂ ਇੱਕ ਸੁਪਨਾ ਦੇਖਿਆ। ਅਤੇ ਇਸ ਸੁਪਨੇ ਵਿੱਚ ਮੈਂ ਇੱਕ ਅਜਿਹੇ ਵਿਅਕਤੀ ਨੂੰ ਦੇਖਿਆ ਜੋ ਮੇਰਾ ਪਿਤਾ ਹੋਣਾ ਚਾਹੀਦਾ ਸੀ; ਇੱਕ ਵੱਡਾ, ਭਾਰਾ ਆਦਮੀ, ਸਿਰਫ਼ ਪ੍ਰਤੀਨਿਧਤਾ ਕਰ ਰਿਹਾ ਸੀ, ਨਮੂਨੇ ਦੇ ਤੌਰ ਤੇ, ਉਹ ਮੇਰਾ ਪਿਤਾ ਸੀ। ਮੈਂ ਇੱਕ ਔਰਤ ਦੇਖੀ, ਮੇਰੀ ਮਾਂ ਵਰਗੀ ਨਹੀਂ ਸੀ; ਪਰ, ਫਿਰ ਵੀ, ਉਹ ਮੇਰੀ ਮਾਂ ਹੋਣੀ ਚਾਹੀਦੀ ਸੀ। ਅਤੇ ਇਹ ਆਦਮੀ (ਜੋ ਪਿਤਾ ਹੋਣਾ ਚਾਹੀਦਾ ਸੀ, ਜੋ ਇਸ ਔਰਤ ਦਾ ਪਤੀ ਸੀ) ਉਸ ਨਾਲ ਬੇਰਹਿਮੀ ਨਾਲ ਦੁਰਵਿਵਹਾਰ ਕਰ ਰਿਹਾ ਸੀ, ਇੱਥੋਂ ਤੱਕ ਕਿ ਉਸਦੇ ਕੋਲ ਲੱਕੜ ਦਾ ਇੱਕ ਵੱਡਾ ਟੁਕੜਾ ਸੀ, ਅਤੇ ਉਹ ਉਸਨੂੰ *ਇਸ* ਤਰ੍ਹਾਂ ਫੜਦਾ ਸੀ ਅਤੇ ਲੱਕੜ ਦੇ ਇਸ ਟੁਕੜੇ ਨਾਲ ਉਸਨੂੰ ਮਾਰਦਾ ਸੀ, ਅਤੇ ਉਹ ਡਿੱਗ ਜਾਂਦੀ ਅਤੇ ਹੇਠਾਂ ਚਲੀ ਜਾਂਦੀ। ਅਤੇ ਫਿਰ—ਅਤੇ ਫਿਰ, ਕੁਝ ਦੇਰ ਬਾਅਦ, ਉਹ ਦੁਬਾਰਾ ਉਠ ਖਲੋਂਦੀ। ਅਤੇ ਉਹ ਆਲੇ-ਦੁਆਲੇ ਤੁਰਦਾ, ਉਸਨੂੰ ਦੁਬਾਰਾ ਮਾਰਨ ਦਾ ਖਿਆਲ ਕਰਦਾ, ਉਹ ਉਸਨੂੰ ਦੁਬਾਰਾ ਮਾਰਦਾ। ਅਤੇ ਮੈਂ ਕੁਝ ਦੂਰੀ ਤੇ ਖੜ੍ਹਾ ਸੀ, ਇਸਨੂੰ ਦੇਖ ਰਿਹਾ ਸੀ।

16 ਅੰਤ ਵਿੱਚ, ਮੈਂ ਇਸ ਤੋਂ ਤੰਗ ਆ ਗਿਆ। ਅਤੇ ਮੈਂ ਇਸ ਆਦਮੀ ਨਾਲੋਂ ਬਹੁਤ ਛੋਟਾ ਸੀ, ਜੋ ਮੇਰੇ ਪਿਤਾ ਵਰਗਾ ਹੋਣਾ ਚਾਹੀਦਾ ਸੀ। ਇਸ ਲਈ ਮੈਂ ਉਸ ਕੋਲ ਗਿਆ ਅਤੇ ਆਪਣੀ ਉਂਗਲ ਉਸ ਦੇ ਮੂੰਹ ਦੇ ਅੱਗੇ ਰੱਖੀ। ਮੈਂ ਕਿਹਾ, "ਉਸਨੂੰ ਦੁਬਾਰਾ ਨਾ ਮਾਰੀਂ।" ਸਮਝੇ? ਅਤੇ ਜਦੋਂ ਮੈਂ ਇਹ ਕੀਤਾ, ਕੁਝ ਹੋਣਾ ਸ਼ੁਰੂ ਹੋ ਜਾਂਦਾ ਹੈ। ਮੇਰੀਆਂ ਬਾਹਾਂ ਫੜਕਣ ਲੱਗਦੀਆਂ ਹਨ, ਅਤੇ ਮੇਰੀਆਂ ਮਾਸਪੇਸ਼ੀਆਂ ਸ਼ਾਨਦਾਰ, ਬਹੁਤ ਹੀ ਵੱਡੀਆਂ ਹੋ ਗਈਆਂ। ਮੈਂ ਅਜਿਹੀਆਂ ਮਾਸਪੇਸ਼ੀਆਂ ਕਦੇ ਨਹੀਂ ਦੇਖੀਆਂ। ਅਤੇ ਮੈਂ ਉਸ ਆਦਮੀ ਨੂੰ ਕਾਲਰ ਤੋਂ ਫੜ ਲਿਆ, ਅਤੇ ਮੈਂ ਕਿਹਾ, "ਉਸਨੂੰ ਦੁਬਾਰਾ ਨਾ ਮਾਰੀਂ। ਜੇ ਤੂੰ ਮਾਰੇਂਗਾ, ਜੇ ਤੂੰ ਉਸ ਨੂੰ ਦੁਬਾਰਾ ਮਾਰਿਆ ਤਾਂ ਤੈਨੂੰ ਮੇਰੇ ਨਾਲ ਨਜਿੱਠਣਾ ਪਏਗਾ।" ਅਤੇ ਉਹ ਆਦਮੀ ਮੇਰੇ ਤੋਂ ਡਰ ਗਿਆ, ਅਤੇ ਉਸਨੂੰ ਛੱਡ ਦਿੱਤਾ। ਮੈਂ ਜਾਗ ਪਿਆ।

17 ਖੈਰ, ਉੱਥੇ ਲੇਟੇ ਹੋਏ, ਬਸ ਇੱਕ ਪਲ ਵਿੱਚ, ਬੇਸ਼ੱਕ, ਉਸ ਦਾ ਤਰਜਮਾ ਆਇਆ। ਇਹ ਸੀ, ਬੇਸ਼ੱਕ, ਉਹ ਇਸਤ੍ਰੀ, ਨਮੂਨੇ ਦੇ ਤੌਰ ਤੇ, ਕਲੀਸਿਯਾ ਹੈ, ਜੋ ਮਾਂ ਦੀ ਤਰ੍ਹਾਂ ਹੈ। ਪਿਤਾ ਉਸ ਉੱਤੇ ਇੱਕ ਸੰਪਰਦਾ ਹੈ, ਜੋ ਕਲੀਸਿਯਾ ਉੱਤੇ ਹਾਵੀ ਹੁੰਦਾ ਹੈ, ਜਿਵੇਂ ਪਤੀ ਪਤਨੀ ਉੱਤੇ। ਅਤੇ ਉਹ ਸੰਪਰਦਾਵਾਂ ਹਨ ਜੋ ਉਸ ਕਲੀਸਿਯਾ ਨੂੰ ਮਾਰ ਰਹੀਆਂ ਹਨ, ਅਤੇ ਉਸ ਨੂੰ ਇਸ ਤਰ੍ਹਾਂ ਆਪਣੇ ਪੈਰਾਂ ਤੇ ਵੀ ਖੜ੍ਹੀ ਨਹੀਂ ਹੋਣ ਦਿੰਦੀਆਂ। ਬਸ, ਹਰ ਵਾਰ ਜਦੋਂ ਵੀ ਉਹ ਉੱਠਣ ਜਾਂ ਕੁਝ ਕਰਨ ਦੀ ਕੋਸ਼ਿਸ਼ ਕਰਦੀ ਹੈ, ਉਹ, ਉੱਥੇ ਦੇ ਲੋਕ, ਸੰਪਰਦਾ ਉਸ ਨੂੰ ਮਾਰ ਕੇ ਹੇਠਾਂ ਡੇਗ ਦਿੰਦੀ ਹੈ। ਅਤੇ ਇਸਦਾ ਅਰਥ ਬਸ ਇਹੀ ਹੈ ਕਿ ਕੁਝ—ਕੁਝ ਵਿਸ਼ਵਾਸ ਦੀਆਂ ਮਾਸਪੇਸ਼ੀਆਂ ਵਧਾਉਣੀਆਂ ਹਨ ਜਿਸ ਨਾਲ ਮੈਂ ਆਪਣੀ ਉਂਗਲੀ ਨੂੰ ਉੱਥੇ ਖੜੀ ਰੱਖ ਸਕਾਂ, ਅਤੇ ਕਹਾਂ, "ਤੁਸੀਂ ਮੇਰੇ ਨਾਲ ਮੁਕਾਬਲਾ ਕਰ ਰਹੇ ਹੋ। ਸਮਝੇ?" ਕਿਉਂਕਿ, ਉੱਥੇ ਕੁਝ ਲੋਕ ਹਨ ਜੋ ਪਰਮੇਸ਼ੁਰ ਦੇ ਹਨ। ਅਤੇ ਇਹ ਸਭ ਠੀਕ ਸੀ। ਬਾਰੇ…

18 ਮੇਰਾ ਅੰਦਾਜ਼ਾ ਹੈ, ਕਿ ਸਾਨੂੰ ਜਾਗਿਆਂ ਲਗਭਗ ਦੋ ਜਾਂ ਤਿੰਨ ਘੰਟੇ ਜਾ ਚੁੱਕੇ ਸਨ। ਅਤੇ ਮੇਰੀ ਧੀ, ਉਹਨਾਂ ਵਿੱਚੋਂ ਇੱਕ, ਰੀਬਕਾਹ, ਉੱਥੇ ਪਿਛਾਂਹ, ਉਹ ਲੁਈਸਵਿਲ ਦੇ ਮੈਥੋਡਿਸਟ ਹਸਪਤਾਲ ਵਿੱਚ ਕੰਮ ਕਰਦੀ ਹੈ। ਕੀ, ਔਹ, ਉਹ ਤਜਰਬੇ ਲਈ ਨਰਸ ਸਿਖਲਾਈ ਹੈ। ਇਹ ਹੈ "ਕੈਂਡੀ ਸਟਰਿੱਪਰ," ਉਹ ਉਹਨਾਂ ਨੂੰ ਕਹਿੰਦੇ ਹਨ, ਜਾਂ ਅਜਿਹਾ ਕੁਝ। ਅਤੇ ਉਹ ਸੀ, ਉਹ…ਉਨ੍ਹਾਂ ਨੇ ਉਸ ਨੂੰ ਸਵੇਰੇ ਆਉਣ ਲਈ ਬੁਲਾਇਆ, ਅਤੇ ਇਸੇ ਕਰਕੇ ਮੈਂ ਜਾਗਿਆ ਹੋਇਆ ਸੀ। ਅਤੇ ਇਹ ਸਵਖਤੇ ਸੀ, ਅਤੇ ਉਹ, ਇੱਥੋਂ ਕਿਸੇ ਹੋਰ ਛੋਟੇ ਸਕੂਲੀ ਸਹਿਕਰਮੀ ਨਾਲ, ਉਹ—ਉਹ ਉੱਥੇ ਇਕੱਠੀਆਂ ਕੰਮ ਕਰਦੀਆਂ ਹਨ, ਅਤੇ ਉਨ੍ਹਾਂ ਨੂੰ ਲੁਈਸਵਿਲ ਲਿਜਾਣ ਜਾ ਰਿਹਾ ਸੀ। ਉਨ੍ਹਾਂ ਨੇ ਦਸ ਵਜੇ ਉੱਥੇ ਪਹੁੰਚਣਾ ਸੀ। ਅਤੇ ਪਤਨੀ ਸੋਚ ਰਹੀ ਸੀ ਕਿ ਉਹ ਬੈੱਡਰੂਮ ਵਿੱਚ ਕਿਉਂ ਨਹੀਂ ਜਾ ਸਕੀ।

ਮੈਂ ਇਸਨੂੰ ਤਾਲਾ ਮਾਰ ਦਿੱਤਾ ਸੀ।

19 ਹੁਣ, ਮੇਰੀ ਜ਼ਿੰਦਗੀ ਵਿਚ ਬਹੁਤ ਸਾਰੀਆਂ ਚੀਜ਼ਾਂ ਹੋਈਆਂ ਹਨ, ਪਰ ਮੇਰੇ ਨਾਲ ਅਜਿਹਾ ਕਦੇ ਨਹੀਂ ਹੋਇਆ। ਮੈਂ ਬੇਹੋਸ਼ੀ ਦੀ ਹਾਲਤ ਵਿੱਚ ਚਲਾ ਗਿਆ। ਮੈਨੂੰ ਇਸਦਾ ਅਰਥ ਨਹੀਂ ਪਤਾ। ਮੇਰੀ ਜ਼ਿੰਦਗੀ ਵਿੱਚ ਇਸ ਤਰ੍ਹਾਂ ਕਦੇ ਨਹੀਂ ਹੋਇਆ। ਪਰ, ਮੇਰੇ ਸਾਹਮਣੇ, ਇੰਝ ਲੱਗਦਾ ਸੀ ਕਿ ਮੈਨੂੰ ਅਹਿਸਾਸ ਹੋਇਆ ਕਿ ਇਹ ਇੱਕ ਦਰਸ਼ਨ ਸੀ, ਅਤੇ ਮੈਂ ਦਰਸ਼ਨ ਵਿੱਚ ਸੀ। ਪਰ ਮੈਂ ਆਪਣੇ ਪੁੱਤਰ ਜੋਸਫ਼ ਨਾਲ ਗੱਲ ਕਰ ਰਿਹਾ ਸੀ। ਜੋ, ਉਸ ਸਮੇਂ ਕਮਰੇ ਵਿੱਚ ਨਹੀਂ ਸੀ। ਪਰ ਕਿਸੇ ਤਰ੍ਹਾਂ, ਜਿਵੇਂ ਹੀ ਇਹ ਮੇਰੇ ਕੋਲ ਆਇਆ, ਮੈਂ ਜੋਸਫ਼ ਨਾਲ ਗੱਲ ਕਰ ਰਿਹਾ ਸੀ।

20 ਅਤੇ ਮੈਂ—ਮੈਂ ਉੱਪਰ ਦੇਖਿਆ। ਅਤੇ ਇੱਕ ਪਿਰਾਮਿਡ ਦੀ ਸ਼ਕਲ ਵਿੱਚ, ਮੇਰੇ ਸਾਮ੍ਹਣੇ ਖੜ੍ਹੇ, ਛੋਟੇ, ਛੋਟੇ-ਛੋਟੇ ਪੰਛੀ ਸਨ, ਜਿਨ੍ਹਾਂ ਦਾ ਆਕਾਰ ਕਰੀਬ ਅੱਧਾ ਕੁ ਇੰਚ ਸੀ। ਅਤੇ ਉਹ, ਉੱਪਰ ਚੋਟੀ ਤੇ ਸਨ, ਟਾਹਣੀਆਂ ਤੇ, ਉੱਥੇ ਇੱਕ ਸੀ...ਕਹਿ ਸਕਦਾ ਹਾਂ, ਤਿੰਨ ਜਾਂ ਚਾਰ। ਫਿਰ, ਅਗਲੀ, ਅਗਲੀ ਟਾਹਣੀ ਤੇ ਸ਼ਾਇਦ ਅੱਠ ਜਾਂ ਦਸ ਸਨ। ਅਤੇ ਹੇਠਾਂ, ਪੰਦਰਾਂ ਜਾਂ ਵੀਹ ਸਨ।

21 ਅਤੇ ਉਹ ਛੋਟੇ ਯੋਧੇ ਸਨ, ਕਿਉਂਕਿ ਉਹਨਾਂ ਦੇ ਖੰਭ ਤੋੜੇ ਗਏ ਸਨ, ਅਤੇ ਇੰਝ ਜਾਪਦਾ ਸੀ ਜਿਵੇਂ ਉਹ ਮੇਰੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਕੁਝ ਕਹਿ ਰਹੇ ਸਨ। ਅਤੇ ਮੈਂ ਪੱਛਮ ਵਿੱਚ ਸੀ, ਇੰਝ ਲੱਗਦਾ ਸੀ ਕਿ ਟਯੂਸਾਨ, ਅਰੀਜ਼ੋਨਾ ਦੇ ਆਸ ਪਾਸ। ਅਤੇ ਪੰਛੀ ਪੂਰਬ ਵੱਲ ਦੇਖ ਰਹੇ ਸਨ। ਅਤੇ ਮੈਂ ਧਿਆਨ ਨਾਲ ਸੁਣ ਰਿਹਾ ਸੀ। ਕਹਿਣ ਦੀ ਕੋਸ਼ਿਸ਼ ਕਰ ਰਹੇ ਸਨ, ਲੱਗਦਾ ਸੀ ਜਿਵੇਂ ਉਹ ਮੈਨੂੰ ਕੁਝ ਦੱਸਣ ਦੀ ਕੋਸ਼ਿਸ਼ ਕਰ ਰਹੇ ਸਨ। ਅਤੇ ਉਹਨਾਂ ਦੇ ਛੋਟੇ ਖੰਭ ਸਨ, ਪੂਰੀ ਤਰ੍ਹਾਂ ਤੋੜੇ ਗਏ ਸਨ, ਅਤੇ ਇਸ ਤਰ੍ਹਾਂ। ਉਹ ਲੜਾਈ ਨਾਲ ਬਹੁਤ ਜਿਆਦਾ ਜਖਮੀ ਸਨ। ਫਿਰ, ਅਚਾਨਕ, ਇੱਕ ਪੰਛੀ ਦੂਜੇ ਦੀ ਜਗ੍ਹਾ ਲੈਣਾ ਸ਼ੁਰੂ ਕਰ ਦਿੰਦਾ ਹੈ, *ਇਸ* ਤਰ੍ਹਾਂ ਛਾਲ ਮਾਰਦਾ ਹੈ। ਅਤੇ ਉਹ, ਛੋਟੇ ਪੰਛੀ ਤੇਜ਼ੀ ਨਾਲ, ਉੱਡਦੇ ਹੋਏ ਪੂਰਬ ਵੱਲ ਚਲੇ ਗਏ।

22 ਅਤੇ ਜਦੋਂ ਉਨ੍ਹਾਂ ਨੇ ਅਜਿਹਾ ਕੀਤਾ, ਤਾਂ ਉਸ ਵਿੱਚੋਂ ਇੱਕ ਵੱਡਾ ਪੰਛੀ ਆਇਆ, ਕਬੂਤਰਾਂ ਵਰਗਾ, ਨੋਕਦਾਰ ਖੰਭਾਂ ਵਾਲਾ। ਅਤੇ—ਅਤੇ—ਅਤੇ ਉਹ ਇੱਕ ਝੁੰਡ ਵਿੱਚ ਆਉਂਦੇ ਹਨ, ਅਤੇ ਤੇਜ਼ੀ ਨਾਲ, ਛੋਟੇ ਪੰਛੀਆਂ ਨਾਲੋਂ ਵਧੇਰੇ ਤੇਜ਼, ਪੂਰਬ ਵੱਲ ਉੱਡ ਗਏ।

23 ਅਤੇ ਮੈਂ ਅਜੇ ਵੀ ਆਪਣੇ...ਦੋਵੇਂ ਚੇਤਨਾਵਾਂ ਇਕੱਠੀਆਂ ਸਨ, ਮੈਨੂੰ ਪਤਾ ਸੀ ਕਿ ਮੈਂ ਇੱਥੇ ਖੜ੍ਹਾ ਸੀ, ਅਤੇ ਮੈਨੂੰ ਪਤਾ ਸੀ ਕਿ ਮੈਂ ਕਿਤੇ ਹੋਰ ਸੀ। ਸਮਝੇ? ਅਤੇ ਮੈਂ ਸੋਚਿਆ, "ਹੁਣ, ਇਹ ਦਰਸ਼ਨ ਹੈ, ਅਤੇ ਮੈਨੂੰ ਇਹ ਸਿੱਖਣਾ ਚਾਹੀਦਾ

ਹੈ ਕਿ ਇਸਦਾ ਕੀ ਅਰਥ ਹੈ।”

24 ਅਤੇ ਪੰਛੀਆਂ ਦੇ ਦੂਜੇ ਝੁੰਡ ਦੇ ਆਉਂਦੇ ਹੀ, ਮੈਂ ਪੱਛਮ ਵੱਲ ਦੇਖਿਆ। ਅਤੇ ਇੱਕ ਪਿਰਾਮਿਡ ਦੇ ਰੂਪ ਵਿੱਚ ਦਿਖਾਈ ਦਿੰਦਾ ਸੀ, ਜਿਵੇਂ ਦੋ ਦੂਤ ਹਰ ਪਾਸੇ, ਚੋਟੀ ਤੇ ਇੱਕ ਦੂਤ, ਪੰਜ ਸਭ ਤੋਂ ਸ਼ਕਤੀਸ਼ਾਲੀ ਦੂਤ ਉੱਥੇ ਆਏ ਜੋ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਦੇਖੇ ਸਨ। ਇੰਨੀ ਸ਼ਾਨਦਾਰ ਗਤੀ, ਮੈਂ ਕਦੇ ਨਹੀਂ ਦੇਖੀ। ਉਹਨਾਂ ਦੇ ਸਿਰ ਪਿੱਛੇ, ਅਤੇ ਉਹਨਾਂ ਦੇ ਨੋਕਦਾਰ ਖੰਭ, ਬੱਸ ਤੇਜ਼ੀ ਨਾਲ ਸਫ਼ਰ ਕਰ ਰਹੇ ਸਨ! ਅਤੇ ਸਰਬਸ਼ਕਤੀਮਾਨ ਪਰਮੇਸ਼ੁਰ ਦੀ ਸ਼ਕਤੀ ਅਜਿਹੇ ਤਰੀਕੇ ਨਾਲ, ਮੇਰੇ ਤੇ ਉੱਤਰੀ, ਇੱਥੋਂ ਤੱਕ ਇਸ ਨੇ ਮੈਨੂੰ ਜ਼ਮੀਨ ਤੋਂ ਉੱਪਰ ਚੁੱਕ ਲਿਆ, ਜ਼ਮੀਨ ਤੋਂ, ਉੱਪਰ ਤੱਕ।

ਮੈਂ ਜੋਸਫ਼ ਨੂੰ ਅਜੇ ਵੀ ਬੋਲਦੇ ਹੋਏ ਸੁਣ ਸਕਦਾ ਸੀ।

25 ਅਤੇ ਅਜਿਹੀ ਆਵਾਜ਼ ਜਿਵੇਂ ਆਵਾਜ ਦੀ ਹੱਦ ਨੂੰ ਤੋੜ ਰਹੀ ਹੋਵੇ, ਉਹ—ਉਹ ਇੱਕ ਵੱਡੀ ਗਰਜਣ ਹੋਈ, ਕੁਝ ਦੂਰੀ ਤੇ, ਦੱਖਣ ਵੱਲ। ਅਤੇ ਜਦੋਂ ਮੈਨੂੰ ਉੱਪਰ ਚੁੱਕਿਆ ਗਿਆ…ਅਤੇ ਉੱਥੇ ਦੂਤਾਂ ਦੀ ਇੰਨੀ ਰਫ਼ਤਾਰ ਸੀ! ਅਤੇ ਮੈਂ—ਮੈਂ ਉਹਨਾਂ ਨੂੰ ਹੁਣ ਦੇਖ ਸਕਦਾ ਸੀ, ਵੇਖੋ, ਜਦ—ਜਦ ਉਹ ਆ ਰਹੇ ਸਨ, *ਉਸ* ਤਰ੍ਹਾਂ ਦੀ ਸ਼ਕਲ ਵਿੱਚ, ਤੇਜੀ ਨਾਲ ਸਿੱਧਾ ਮੇਰੇ ਅੰਦਰ ਆ ਰਹੇ ਸਨ।

26 ਹੁਣ, ਸੁਪਨਾ ਨਹੀਂ ਦੇਖ ਰਿਹਾ ਸੀ, ਹੁਣ। ਨਹੀਂ। ਮੈਂ ਉੱਥੇ ਹੀ ਸੀ, ਪੂਰੀ ਤਰ੍ਹਾਂ ਜਾਗਦਾ ਸੀ ਜਿਵੇਂ ਮੈਂ ਹੁਣ ਜਾਗ ਰਿਹਾ ਹਾਂ। ਸਮਝੇ?

27 ਪਰ ਉਹ ਇੱਥੇ ਆਇਆ। ਅਤੇ ਉਹ ਇੰਨੇ ਜਿਆਦਾ ਤੇਜ਼ ਸਨ, ਇੱਥੋਂ ਤੱਕ ਮੈਂ ਸੋਚਿਆ, ਜਦੋਂ ਇਹ ਉੱਪਰ ਉੱਠਿਆ…ਮੈਂ ਉਸ ਧਮਾਕੇ ਨੂੰ ਸੁਣਿਆ, ਜਿਵੇਂ, ਜਾਂ ਇੱਕ ਧਮਾਕਾ ਜਿਹਾ ਹੋਇਆ, ਜਿਸਨੇ ਆਵਾਜ਼ ਦੀ ਹੱਦ ਨੂੰ ਤੋੜ ਦਿੱਤਾ ਸੀ। ਅਤੇ ਜਦੋਂ ਇਹ ਹੋਇਆ, ਮੈਂ ਸੋਚਿਆ, “ਖੈਰ, ਇਸਦਾ ਮਤਲਬ ਇਹ ਹੋਣਾ ਚਾਹੀਦਾ ਹੈ ਕਿ ਇਸੇ ਤਰ੍ਹਾਂ ਦੇ ਧਮਾਕੇ ਵਿੱਚ, ਵੇਖੋ, ਮੈਂ ਮਾਰਿਆ ਜਾਵਾਂਗਾ।” ਅਤੇ—ਅਤੇ ਮੈਂ ਬਸ…ਜਦੋਂ ਮੈਂ ਉਨ੍ਹਾਂ ਚੀਜ਼ਾਂ ਬਾਰੇ ਸੋਚਿਆ, ਮੈਂ ਸੋਚਿਆ, “ਨਹੀਂ, ਅਜਿਹਾ ਨਹੀਂ ਹੋਵੇਗਾ। ਕਿਉਂਕਿ, ਜੇ ਇਹ ਧਮਾਕਾ ਹੁੰਦਾ, ਤਾਂ ਇਸ ਨੇ ਜੋਸਫ਼ ਨੂੰ ਵੀ, ਲੈ ਲੈਣਾ ਸੀ। ਕਿਉਂਕਿ, ਉਹ ਉੱਥੇ ਸੀ, ਅਜੇ ਵੀ ਗੱਲ ਕਰ ਰਿਹਾ ਸੀ, ਸੋਚ ਰਿਹਾ ਸੀ ਕਿ ਮੈਂ ਉੱਥੇ ਹਾਂ। ਮੈਂ ਉਸਨੂੰ ਸੁਣ ਸਕਦਾ ਹਾਂ। ਇਹ ਉਸ ਤਰ੍ਹਾਂ ਨਹੀਂ ਸੀ।”

28 ਹੁਣ, ਇਹ ਸਭ ਅਜੇ ਵੀ ਦਰਸ਼ਨ ਵਿੱਚ ਸੀ। ਇਹ ਨਹੀਂ…ਸਮਝੇ? ਇਹ ਦਰਸ਼ਨ ਵਿੱਚ ਸੀ।

29 ਅਤੇ ਫਿਰ, ਅਚਾਨਕ ਹੀ, ਮੈਨੂੰ ਅਹਿਸਾਸ ਹੋਇਆ ਕਿ ਜਿਵੇਂ ਮੈਂ…ਉਹ ਮੇਰੇ ਆਲੇ-ਦੁਆਲੇ ਸਨ। ਮੈਂ ਉਨ੍ਹਾਂ ਨੂੰ ਨਹੀਂ ਦੇਖ ਸਕਿਆ, ਪਰ ਮੈਨੂੰ ਉਨ੍ਹਾਂ ਦੇ ਪਿਰਾਮਿਡ ਦੇ ਮੰਡਲ ਵਿੱਚ ਲਿਆਂਦਾ ਗਿਆ ਸੀ, ਦੂਤਾਂ ਦੇ ਇਸ ਮੰਡਲ ਦੇ—ਦੇ ਅੰਦਰ, ਪੰਜ ਦੂਤਾਂ ਦੇ। ਅਤੇ ਮੈਂ ਸੋਚਿਆ, "ਹੁਣ, ਜੇ ਮੌਤ ਦਾ ਦੂਤ ਹੁੰਦਾ ਤਾਂ ਇੱਕ ਹੁੰਦਾ। ਪੰਜ ਤਾਂ ਕਿਰਪਾ ਦੇ ਹੋਣਗੇ।" ਮੈਂ ਇਹ ਸੋਚ ਰਿਹਾ ਸੀ। ਮੈਂ ਸੋਚਿਆ, "ਔਹ! ਇਹ—ਇਹ ਮੇਰੇ ਸੰਦੇਸ਼ ਨਾਲ ਆ ਰਹੇ ਹਨ। ਇਹ ਮੇਰਾ ਦੂਸਰਾ ਆਖਰੀ ਕਦਮ ਹੈ। ਉਹ ਮੇਰੇ ਲਈ ਪ੍ਰਭੂ ਦਾ ਸੰਦੇਸ਼ ਲੈ ਕੇ ਆ ਰਹੇ ਹਨ।" ਅਤੇ ਮੈਂ ਆਪਣੀ ਪੂਰੀ ਤਾਕਤ ਨਾਲ ਚੀਕਿਆ, ਜਿੰਨੀ ਉੱਚੀ ਮੈਂ ਚੀਕ ਸਕਦਾ ਸੀ, "ਹੇ ਯਿਸੂ, ਤੁਸੀਂ ਮੇਰੇ ਤੋਂ ਕੀ ਕਰਾਉਣਾ ਹੈ?" ਅਤੇ ਜਦੋਂ ਮੈਂ ਇਹ ਕੀਤਾ, ਤਾਂ ਇਹ ਬੱਸ—ਬੱਸ ਮੈਥੋਂ ਦੂਰ ਚਲਾ ਗਿਆ।

30 ਮੈਂ—ਮੈਂ—ਮੈਂ ਉਦੋਂ ਤੋਂ ਠੀਕ ਮਹਿਸੂਸ ਨਹੀਂ ਕੀਤਾ। ਸਮਝੇ? ਮੈਂ, ਕੱਲ੍ਹ ਸਾਰਾ ਦਿਨ, ਮੈਨੂੰ ਘਰ ਵਿੱਚ ਰਹਿਣਾ ਪਿਆ, ਲਗਭਗ ਆਪਣੇ ਆਪੇ ਤੋਂ ਬਾਹਰ ਮਹਿਸੂਸ ਕਰ ਰਿਹਾ ਸੀ। ਮੈਂ ਆਪਣਾ ਦਿਮਾਗ ਸਾਫ ਨਹੀਂ ਕਰ ਪਾ ਰਿਹਾ ਸੀ। ਅਤੇ ਪ੍ਰਭੂ ਦੀ ਮਹਿਮਾ ਅਤੇ ਸ਼ਕਤੀ! ਮੈਂ ਸੁੰਨ ਹੋ ਗਿਆ ਸੀ, ਜਦੋਂ ਇਹ ਮੈਨੂੰ ਛੱਡ ਗਿਆ ਸੀ। ਮੈਂ ਆਪਣੇ ਹੱਥਾਂ ਨੂੰ ਮਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਤੇ ਮੈਂ ਸੋਚਿਆ, "ਮੈਂ ਸਾਹ ਨਹੀਂ ਲੈ ਪਾ ਰਿਹਾ।" ਅਤੇ ਮੈਂ ਆਲੇ ਦੁਆਲੇ ਘੁੰਮਦਾ ਰਿਹਾ, ਅਤੇ ਫਰਸ਼ ਉੱਤੇ, ਅਤੇ ਅੱਗੇ ਅਤੇ ਪਿੱਛੇ। ਮੈਂ ਸੋਚਿਆ, "ਇਸ ਦਾ ਕੀ ਅਰਥ ਹੈ, ਪ੍ਰਭੂ? ਇਸਦਾ ਮਤਲੱਬ ਕੀ ਹੈ?" ਫਿਰ, ਮੈਂ ਰੁਕ ਗਿਆ। ਮੈਂ ਕਿਹਾ, "ਪ੍ਰਭੂ ਪਰਮੇਸ਼ੁਰ, ਤੇਰਾ ਦਾਸ…ਮੈਂ—ਮੈਂ ਬਸ ਸਮਝ ਨਹੀਂ ਸਕਦਾ। ਕਿਉਂ? ਉਹ ਕੀ ਸੀ? ਇਹ ਪ੍ਰਗਟ ਕਰ, ਪ੍ਰਭੂ।" ਖੈਰ, ਜਦੋਂ…

31 ਮੈਂ ਤੁਹਾਨੂੰ ਇਹਦੇ ਬਾਰੇ ਨਹੀਂ ਦੱਸ ਸਕਦਾ, ਜਦੋਂ ਮੈਂ ਕਹਿੰਦਾ ਹਾਂ, "ਪ੍ਰਭੂ ਦੀ ਸ਼ਕਤੀ।" ਇਸ ਨੂੰ ਸਮਝਾਉਣ ਦਾ ਕੋਈ ਤਰੀਕਾ ਨਹੀਂ ਹੈ। ਇਹ ਉਹ ਨਹੀਂ ਹੈ ਜੋ ਤੁਸੀਂ ਇੱਥੇ ਮਹਿਸੂਸ ਕਰਦੇ ਹੋ, ਅਸੀਸਾਂ ਵਿੱਚ। ਇਹ ਪ੍ਰਭੂ ਦੀ ਅਸੀਸ ਹੈ। ਇਹ ਪਵਿੱਤਰ ਹੈ! ਔਹ, ਮੇਰੇ! ਇਹ ਹੈ—ਇਹ ਕਿਸੇ ਵੀ ਚੀਜ਼ ਤੋਂ ਪਰੇ ਹੈ ਜਿਸਦੀ ਇੱਕ ਪ੍ਰਾਣੀ ਕਲਪਨਾ ਵੀ ਕਰ ਸਕਦਾ ਹੈ। ਸਮਝੇ? ਅਤੇ ਇਹ—ਅਤੇ ਇਹ ਮੈਨੂੰ ਬਹੁਤ ਬੁਰੀ ਤਰ੍ਹਾਂ, ਪਰੇਸ਼ਾਨ ਕਰ ਰਿਹਾ ਸੀ। ਇਹ ਨਹੀਂ ਹੈ… ਇਹ ਇੱਕ ਅਸੀਸ ਨਹੀਂ ਹੈ। ਇਹ ਇੱਕ ਪਰੇਸ਼ਾਨੀ ਹੈ। ਤੁਸੀਂ ਪਰੇਸ਼ਾਨ ਹੋ ਜਾਂਦੇ ਹੋ। ਸਮਝੇ? ਇਹ ਇਹੀ ਹੈ। ਜੇ ਤੁਸੀਂ ਸਿਰਫ…

32 ਜੇ ਮੈਨੂੰ ਸਿਰਫ ਕੋਈ ਤਰੀਕਾ ਮਿਲ ਸਕਦਾ ਤਾਂ ਮੈਂ ਲੋਕਾਂ ਨੂੰ ਦੱਸ ਸਕਦਾ ਕਿ ਉਹ ਕੀ ਸੀ, ਜਾਂ ਇਹ ਕੀ…ਇਸ ਨੂੰ ਮਹਿਸੂਸ ਕਰਨਾ ਕੀ ਸੀ! ਇਹ, ਇਹ ਇੱਥੇ ਬੈਠਣ ਵਾਂਗ ਨਹੀਂ ਹੈ, ਕਿ ਬੈਠੇ ਕੇ ਅਨੰਦ ਕਰੀਏ। ਇਹ—ਇਹ ਉਹ

ਚੀਜ਼ ਹੈ ਜੋ ਤੁਹਾਡੇ ਵਿੱਚ ਹਰ ਤੰਤੂ…ਇਹ ਡਰ ਤੋਂ ਪਰੇ ਹੈ। ਇਹ ਭੈਭੀਤ ਹੋਣ ਤੋਂ ਪਰੇ ਹੈ। ਇਹ ਇੱਕ ਪਵਿੱਤਰ ਆਦਰ ਹੈ। ਦਾ…ਮੈਂ…ਇਸ ਨੂੰ ਸਮਝਾਉਣ ਦਾ ਕੋਈ ਤਰੀਕਾ ਨਹੀਂ ਹੈ। ਇੱਥੋਂ ਤੱਕ ਕਿ, ਮੇਰੀ ਪੂਰੀ ਪਿੱਠ ਵਿੱਚ, ਮੇਰੀ ਰੀੜ੍ਹ ਦੀ ਹੱਡੀ ਦੇ ਉੱਪਰ-ਅਤੇ-ਹੇਠਾਂ, ਮੇਰੀਆਂ ਉਂਗਲਾਂ ਵਿੱਚ, ਮੇਰੇ ਪੈਰਾਂ ਅਤੇ ਉਂਗਲਾਂ ਦੇ ਉੱਪਰ-ਅਤੇ-ਹੇਠਾਂ ਤੱਕ, ਮੇਰਾ ਸਾਰਾ ਸਰੀਰ ਸੁੰਨ ਹੋ ਗਿਆ ਸੀ, ਵੇਖੋ, ਜਿਵੇਂ ਤੁਸੀਂ—ਤੁਸੀਂ ਦੁਨੀਆਂ ਨੂੰ ਛੱਡ ਕੇ, ਕਿਤੇ ਚਲੇ ਗਏ ਹੋਵੋ। ਅਤੇ—ਅਤੇ ਇਹ ਮੈਨੂੰ ਛੱਡ ਰਿਹਾ ਸੀ, ਹੌਲੀ ਹੌਲੀ, ਅਤੇ ਮੈਂ ਪ੍ਰਭੂ ਨੂੰ—ਨੂੰ ਕਿਹਾ, "ਕੀ ਤੁਸੀਂ ਮੈਨੂੰ ਦੱਸੋਗੇ, ਹੇ ਪਰਮੇਸ਼ੁਰ?"

33 ਮੇਰਾ ਅੰਦਾਜ਼ਾ ਹੈ ਕਿ, ਇੰਨਾ ਮਜਬੂਤ ਰਹਿਣ ਦਾ ਸਭ ਤੋਂ ਨਜ਼ਦੀਕੀ ਤਜਰਬਾ ਉਹ ਸੀ, ਜਦੋਂ ਮੈਂ ਜ਼ਿਊਰਿਚ, ਸਵਿਟਜ਼ਰਲੈਂਡ ਵਿੱਚ ਸੀ, ਉਸ ਸਮੇਂ ਜਦੋਂ ਉਸਨੇ ਮੈਨੂੰ ਉਹ ਜਰਮਨ ਉਕਾਬ ਦਿਖਾਇਆ ਜੋ ਉਸ ਅੰਗਰੇਜ਼ ਘੋੜ-ਸਵਾਰ ਨੂੰ ਅਫਰੀਕਾ ਵਿੱਚੋਂ ਆਉਂਦਾ ਦੇਖ ਰਿਹਾ ਸੀ। ਅਤੇ ਉਸਨੇ ਕਿਹਾ, "ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ।"

34 ਅਤੇ ਮੈਂ ਆਪਣੀ ਮਦਦ ਲਈ, ਯਹੋਵਾਹ ਅੱਗੇ ਦੁਹਾਈ ਦੇ ਰਿਹਾ ਸੀ। ਅਤੇ ਮੈਂ—ਮੈਂ ਚਾਹੁੰਦਾ ਹਾਂ ਕਿ ਉਹ ਮੈਨੂੰ ਇਸਦਾ ਅਰਥ ਦੱਸੇ, ਕਿਉਂਕਿ ਮੈਂ ਸੋਚ ਰਿਹਾ ਸੀ ਕਿ ਕੀ ਇਸਦਾ ਮਤਲਬ ਹੈ—ਕੀ ਇਸਦਾ ਮਤਲਬ ਇਹ ਸੀ ਕਿ ਮੈਂ ਜਾਣ ਵਾਲਾ ਹਾਂ, ਮੈਂ ਮਾਰਿਆ ਜਾਣ ਵਾਲਾ ਸੀ। ਅਤੇ ਜੇ ਅਜਿਹਾ ਸੀ, ਤਾਂ ਮੈਂ ਇਸ ਬਾਰੇ ਪਰਿਵਾਰ ਨੂੰ ਕੁਝ ਨਹੀਂ ਕਹਿਣ ਜਾ ਰਿਹਾ ਸੀ। ਇਹ ਮੇਰਾ ਘਰ ਜਾਣ ਦਾ ਸਮਾਂ ਹੈ, ਕਿਉਂਕਿ, ਮੈਂ ਬਸ ਘਰ ਜਾਵਾਂਗਾ, ਇਹੀ ਸਭ ਹੈ। ਪਰ ਜੇ—ਜੇ ਇਸਦਾ ਮਤਲਬ ਇਹ ਸੀ, ਤਾਂ ਮੈਂ ਪਰਿਵਾਰ ਨੂੰ ਨਹੀਂ ਦੱਸਣਾ ਚਾਹੁੰਦਾ ਸੀ, ਨਹੀਂ ਚਾਹੁੰਦਾ ਸੀ ਕਿ ਉਹ ਇਸ ਬਾਰੇ ਕੁਝ ਜਾਣਨ। ਬੱਸ ਇਸ ਨੂੰ ਹੋਣ ਦਿੰਦਾ, ਅਤੇ ਉਹੀ—ਉਹੀ ਸਭ ਕੁਝ ਹੋਵੇਗਾ।

35 ਮੈਂ ਕਿਹਾ, "ਪ੍ਰਭੂ, ਮੇਰੀ ਮਦਦ ਕਰੋ। ਮੈਂ ਆਪਣੇ ਪਰਿਵਾਰ ਨੂੰ ਨਹੀਂ ਦੱਸਣਾ ਚਾਹੁੰਦਾ, ਜੇ—ਜੇ ਤੁਸੀਂ…ਇਹ, ਇਹ ਮੇਰਾ ਘਰ ਜਾਣ ਦਾ ਸੱਦਾ ਹੈ, ਠੀਕ ਹੈ, ਤਾਂ ਮੈਂ ਜਾਵਾਂਗਾ—ਮੈਂ ਜਾਵਾਂਗਾ।" ਤੁਸੀਂ ਵੇਖਿਆ। ਮੈਂ ਕਿਹਾ…ਅਤੇ, ਤੁਸੀਂ ਜਾਣਦੇ ਹੋ, ਤੁਸੀਂ…

36 ਤੁਸੀ ਕਹੋਗੇ, "ਅੱਛਾ, ਤੁਸੀਂ ਉਸ ਬਾਰੇ ਕਿਉਂ ਨਹੀਂ ਸੋਚਿਆ ਜੋ ਤੁਸੀਂ ਦਰਸ਼ਨ ਵਿੱਚ ਕਿਹਾ ਸੀ, ਜੋ ਦਰਸ਼ਨ ਵਿੱਚ ਕਿਹਾ ਗਿਆ ਸੀ?"

37 ਪਰ ਤੁਸੀਂ ਉਦੋਂ ਅਜਿਹੀਆਂ ਚੀਜ਼ਾਂ ਬਾਰੇ ਨਹੀਂ ਸੋਚ ਸਕਦੇ। ਤੁਹਾਨੂੰ… ਮੈਂ ਨਹੀਂ ਕਰ ਸਕਦਾ, ਕਿਸੇ ਵੀ ਤਰ੍ਹਾਂ। ਅਤੇ ਮੈਂ ਸੋਚਿਆ…ਮੈਂ ਬਸ ਪਰੇਸ਼ਾਨ, ਅਸ਼ਾਂਤ ਸੀ। ਤੁਸੀਂ ਨਹੀਂ ਜਾਣਦੇ ਕਿ ਕਿਵੇਂ ਸੋਚਣਾ ਹੈ। ਤੁਸੀਂ ਸੋਚ ਨਹੀਂ

ਸਕਦੇ।

38 ਅਤੇ ਮੈਂ ਕਿਹਾ, "ਸਵਰਗੀ ਪਿਤਾ, ਜੇ ਇਸਦਾ ਮਤਲਬ ਇਹ ਸੀ—ਕਿ ਇੱਕ ਧਮਾਕਾ ਮੈਨੂੰ ਲੈ ਜਾ ਰਿਹਾ ਸੀ, ਠੀਕ ਹੈ, ਮੈਨੂੰ ਹੁਣੇ ਦੱਸੋ, ਤਾਂ ਮੈਂ ਇਸ ਬਾਰੇ ਕੁਝ ਨਹੀਂ ਕਹਾਂਗਾ। ਤੇਰੀ ਮਹਿਮਾ ਅਤੇ ਸ਼ਕਤੀ ਮੇਰੇ ਉੱਤੇ ਮੁੜ ਆਵੇ, ਅਤੇ ਮੈਨੂੰ ਦੁਬਾਰਾ ਉੱਪਰ ਚੁੱਕ ਲਵੇ। ਜਾਂ, ਤੇਰੀ ਮਹਿਮਾ ਮੇਰੇ ਉੱਤੇ ਆਵੇ, ਅਤੇ ਫਿਰ ਮੈਂ ਜਾਣਾਂਗਾ—ਮੈਨੂੰ ਉਦੋਂ ਪਤਾ ਲੱਗੇਗਾ ਕਿ ਇਸਦਾ ਮਤਲਬ—ਇਸਦਾ ਮਤਲਬ ਇਹ ਸੀ, ਅਤੇ ਇਸ ਲਈ ਮੈਂ ਇਸਨੂੰ ਆਪਣੇ ਕੋਲ ਰੱਖ ਸਕਦਾ ਹਾਂ।" ਅਤੇ ਕੁਝ ਨਹੀਂ ਹੋਇਆ।

39 ਤਾਂ ਮੈਂ ਕਿਹਾ, "ਫਿਰ, ਪ੍ਰਭੂ, ਜੇ ਇਸਦਾ ਮਤਲਬ ਇਹ ਹੈ ਕਿ ਤੁਸੀਂ ਮੇਰੇ ਸੇਵਾ ਦੇ ਕੰਮ ਲਈ ਆਪਣੇ ਸੰਦੇਸ਼ਵਾਹਕਾਂ ਨੂੰ ਭੇਜਣ ਜਾ ਰਹੇ ਹੋ, ਤਾਂ ਫਿਰ ਤੁਹਾਡੀ ਸ਼ਕਤੀ ਮੁੜ ਆਵੇ।" ਇਹ ਜਿਵੇਂ ਮੈਨੂੰ ਕਮਰੇ ਤੋਂ ਬਾਹਰ ਲੈ ਗਿਆ!

40 ਹਾਲਾਂਕਿ, ਮੈਂ—ਮੈਂ ਆਪਣੇ ਹੋਸ਼ ਵਿੱਚ ਸੀ, ਮੇਰੇ ਹੱਥ ਵਿਚ ਮੇਰੀ ਬਾਈਬਲ ਸੀ, ਫਿਰ, ਦੇਖੋ, ਅਤੇ ਪਰਮੇਸ਼ੁਰ ਕੋਲੋਂ ਆਪਣੀ ਮਦਦ ਮੰਗ ਰਿਹਾ ਸੀ। ਅਤੇ ਜਦੋਂ ਮੈਂ ਇਹ ਕੀਤਾ, ਉਸਨੇ—ਉਸਨੇ ਮੈਨੂੰ ਵਚਨ ਵਿੱਚ ਕੁਝ ਦਿਖਾਇਆ, ਜੋ ਠੀਕ ਇਸ ਨਾਲ ਸੰਬੰਧਿਤ ਸੀ, ਉੱਥੇ ਹੀ। ਅਤੇ ਮੈਂ ਸੋਚਿਆ, "ਕੀ ਇਹ ਅਸਲ ਵਿੱਚ ਅਜਿਹਾ ਹੋ ਸਕਦਾ ਹੈ? ਮੈਂ ਇਹ ਕਿਵੇਂ ਕੀਤਾ?" ਅਤੇ, ਔਹ, ਮੈਂ—ਮੈਂ ਇਹਨਾਂ ਚੀਜ਼ਾਂ ਦੀ ਵਿਆਖਿਆ ਨਹੀਂ ਕਰ ਸਕਦਾ, ਮਿੱਤਰੋ। ਇਹ ਕਿਸੇ ਵੀ ਚੀਜ਼ ਤੋਂ ਪਰੇ ਹੈ ਜਿਸ ਬਾਰੇ ਮੈਂ ਜਾਣਦਾ ਹਾਂ। ਸਮਝੇ?

41 ਮੇਰੀ ਪਤਨੀ ਇੱਕ ਬਹੁਤ ਹੀ ਨਿਰਾਲੀ ਔਰਤ ਹੈ, ਸੰਸਾਰ ਵਿੱਚ ਸਭ ਤੋਂ ਵਧੀਆ ਔਰਤਾਂ ਵਿੱਚੋਂ ਇੱਕ ਹੈ। ਪਰ, ਥੋੜ੍ਹੀ ਦੇਰ, ਮੈਂ ਇਸ ਬਾਰੇ ਕੁਝ ਨਹੀਂ ਕਿਹਾ। ਮੈਂ ਅੱਗੇ ਚਲਾ ਗਿਆ। ਉਸ ਨੂੰ ਪਤਾ ਸੀ ਕਿ ਕੁਝ ਹੋਇਆ ਸੀ। ਇਸ ਲਈ ਜਦੋਂ ਮੈਂ ਉਸਨੂੰ ਦੱਸਿਆ, ਤਾਂ ਉਸਨੇ ਕਿਹਾ, "ਤੁਸੀਂ ਜਾਣਦੇ ਹੋ, ਬਿਲ, ਇਹਨਾਂ ਵਿੱਚੋਂ ਬਹੁਤ ਸਾਰੀਆਂ ਚੀਜ਼ਾਂ ਵਿੱਚ, ਮੈਂ ਤੁਹਾਨੂੰ ਵੇਖਦੀ ਅਤੇ ਸੁਣਦੀ ਹਾਂ।" ਉਸ ਨੇ ਕਿਹਾ, "ਤੁਸੀਂ ਜਾਣਦੇ ਹੋ ਮੈਂ ਆਪਣੇ ਪੂਰੇ ਦਿਲ ਨਾਲ ਤੁਹਾਡੇ ਉੱਤੇ ਵਿਸ਼ਵਾਸ ਕਰਦੀ ਹਾਂ," ਉਸ ਨੇ ਕਿਹਾ। ਉਸ ਨੇ ਕਿਹਾ, "ਪਰ ਇਹ ਅਸਲ ਵਿੱਚ ਕੁਝ ਸੀ।"

42 ਇਹ ਬਸ ਵੇਖ ਕੇ ਹੀ ਲੱਗ ਰਿਹਾ ਸੀ, ਬੱਸ ਮੈਨੂੰ ਹਿਲਾ ਦਿੱਤਾ ਸੀ, ਉਹ ਧਮਾਕਾ ਅਤੇ ਉਨ੍ਹਾਂ ਵਰਗੇ ਦੂਤਾਂ ਦਾ ਤੇਜੀ ਨਾਲ ਆਉਣਾ, ਉਹ ਪੰਜ ਇਕੱਠੇ ਸਨ, ਉਹਨਾਂ ਦੇ ਇੱਕ—ਇੱਕ ਮੰਡਲ ਵਿੱਚ। ਜਿਵੇਂ, ਜਿਵੇਂ ਇਹ—ਜਿਵੇਂ ਮੈਂ ਉਹ ਪਿਰਾਮਿਡ ਇੱਥੇ ਬਣਾਇਆ ਸੀ, ਦੇਖੋ, ਉਹ ਦਿਖਾਈ ਦਿੰਦੇ ਸਨ, ਪਹਿਲਾਂ, ਉਹ ਇਸ ਤਰ੍ਹਾਂ ਦਿਖਾਈ ਦਿੰਦੇ ਸਨ, ਇੱਕ ਕਿਸਮ ਦੀ...ਦੂਰੀ

ਤੇ, ਉਹ ਕਬੂਤਰਾਂ ਦੇ ਰੰਗ ਵਰਗੇ ਦਿਖਾਈ ਦਿੰਦੇ ਸਨ। ਅਤੇ ਉਹ *ਇਸ* ਪਾਸੋਂ ਅੰਦਰ—ਅੰਦਰ ਆ ਰਹੇ ਸਨ। ਅਤੇ ਉਹ ਇਸ ਤਰ੍ਹਾਂ ਦਿਖਾਈ ਦਿੰਦੇ ਸਨ, ਇੱਕ, ਦੋ; ਤਿੰਨ, ਚਾਰ; ਅਤੇ ਫਿਰ ਇੱਕ ਬਿਲਕੁਲ ਚੋਟੀ ਤੇ ਸੀ, ਦੇਖੋ, ਪੰਜ ਬਣ ਗਏ। ਅਤੇ ਉਹ ਅਜਿਹੀ ਰਫ਼ਤਾਰ ਨਾਲ ਆਏ! ਇੱਥੇ ਕੁਝ ਵੀ ਨਹੀਂ, ਕੋਈ ਜੈੱਟ ਨਹੀਂ, ਕੋਈ ਹੋਰ ਚੀਜ਼ *ਉਸ* ਦਾ ਮੁਕਾਬਲਾ ਨਹੀਂ ਕਰ ਸਕਦੀ।

43 ਅਤੇ ਮੈਂ ਉਹਨਾਂ ਨੂੰ ਦੇਖ ਸਕਦਾ ਸੀ, ਅਤੇ ਉਹਨਾਂ ਦੇ ਸਿਰ ਇੱਕ-ਪਾਸੇ ਵੱਲ ਮੁੜੇ ਹੋਏ ਸਨ। ਉਹਨਾਂ ਖੰਭ ਪਿਛਾਂਹ ਨੂੰ ਕੀਤੇ ਹੋਏ ਸਨ, ਪੂਰੇ ਬਖਤਰ-ਬੰਦ, ਅਤੇ ਉਹ ਇੱਥੇ ਆ ਗਏ, ਇਸ ਤਰ੍ਹਾਂ "ਫਯੁ!" *ਓਸ* ਤਰ੍ਹਾਂ। ਬੱਸ ਸਿੱਧਾ ਹੇਠਾਂ ਆ ਗਏ, ਅਤੇ ਮੈਨੂੰ ਉਨ੍ਹਾਂ ਦੇ ਮੰਡਲ ਦੇ ਇਸ ਪਿਰਾਮਿਡ ਵਿੱਚ ਲੈ ਗਏ। ਮੈਂ ਦੇਖਿਆ ਕਿ ਮੈਂ ਉੱਪਰ ਸੀ, ਮੈਂ ਜ਼ਮੀਨ ਤੋਂ ਉੱਪਰ ਸੀ। ਮੈਂ ਸੋਚਿਆ ਸ਼ਾਇਦ… ਮੈਂ ਸੁਣਿਆ, ਦੂਰੀ ਤੇ, ਉਹ ਗਰਜਣ, "ਹੂਮ!" ਜਿਵੇਂ ਇੱਕ—ਇੱਕ—ਇੱਕ ਜਹਾਜ਼ ਜਦੋਂ ਇਹ ਆਵਾਜ ਦੀ ਰੁਕਾਵਟ ਨੂੰ ਪਾਰ ਕਰਦਾ ਹੈ, ਤੁਸੀਂ ਸੁਣਿਆ ਹੈ ਕਿ ਇਹ ਇਸ ਤਰ੍ਹਾਂ ਹੁੰਦਾ ਹੈ, ਜਿਵੇਂ ਕਿਸੇ ਦੂਰੀ ਤੇ ਇੱਕ ਗਰਜਣ ਵਾਂਗ।

44 ਮੈਂ ਸੋਚਿਆ, "ਹੁਣ ਇਸਦਾ ਮਤਲਬ ਇਹ ਹੋ ਸਕਦਾ ਹੈ, ਜਦੋਂ ਹੁਣ ਇਹ ਦਰਸ਼ਣ ਮੈਨੂੰ ਛੱਡ ਦਿੰਦਾ ਹੈ, ਕਿ ਮੈਂ ਕਿਸੇ ਵਿਸਫੋਟ ਜਾਂ ਕਿਸੇ ਚੀਜ਼ ਨਾਲ ਮਾਰਿਆ ਜਾਵਾਂਗਾ।" ਮੈਂ ਸੋਚਿਆ, "ਮੈਂ ਇੱਥੇ ਹਾਂ। ਮੈਨੂੰ ਉੱਪਰ ਚੁੱਕਿਆ ਗਿਆ ਹੈ। ਮੈਂ ਹਾਂ…ਉਹ, ਉਹ ਇੱਥੇ ਕਿਤੇ ਹਨ, ਮੈਂ ਹਾਂ—ਮੈਂ ਇਸ ਵਿੱਚ ਹਾਂ, ਦੂਤਾਂ ਦੇ ਇਸ ਪਿਰਾਮਿਡ ਵਿੱਚ। ਪਰ ਮੈਨੂੰ—ਮੈਨੂੰ ਨਹੀਂ ਪਤਾ। ਸ਼ਾਇਦ ਪ੍ਰਭੂ ਮੈਨੂੰ ਘਰ ਲੈ ਜਾਣ ਲਈ ਆ ਰਿਹਾ ਹੈ।"

ਫ਼ੇਰ ਮੈਂ ਹੇਠਾਂ ਯੂਸੁਫ਼ ਨੂੰ ਸੁਣਿਆ, ਇਹ ਆਖਦਿਆਂ, "ਡੈਡੀ?"

ਮੈਂ ਸੋਚਿਆ, "ਨਹੀਂ, ਜੇ ਇਹ ਹੈ, ਤਾਂ ਇਹ ਉਸਨੂੰ ਵੀ ਲੈ ਜਾਵੇਗਾ।"

45 ਫਿਰ ਕਿਸੇ ਚੀਜ ਨੇ ਕਿਹਾ, "ਤੈਨੂੰ…" ਯਾਦ ਰੱਖੋ, ਮੈਂ ਉਡੀਕ ਕਰ ਰਿਹਾ ਸੀ, ਇੱਕ ਸੰਦੇਸ਼ ਦੀ ਉਡੀਕ ਕਰ ਰਿਹਾ ਸੀ, ਜਿਸ ਲਈ ਮੈਂ ਹਮੇਸ਼ਾ ਉਡੀਕ ਕਰਦਾ ਸੀ, ਜੋ ਕੁਝ ਵੀ ਸੀ।

46 ਅਤੇ ਕਿਸੇ ਦਿਨ, ਜਿਆਦਾ ਚਿਰ ਨਹੀਂ ਹੋਇਆ ਉਹ ਦਰਸ਼ਨ ਮੈਨੂੰ ਆਇਆ, ਤੁਸੀਂ ਜਾਣਦੇ ਹੋ, ਮੈਨੂੰ ਦੱਸ ਰਿਹਾ ਸੀ ਕਿ ਕੀ ਹੋਣ ਵਾਲਾ ਹੈ, ਮੈਂ ਕਿਵੇਂ, ਸੂਰਜ ਤੋਂ, ਇਸ ਜਗ੍ਹਾ ਵਿੱਚ ਪ੍ਰਚਾਰ ਕਰ ਰਿਹਾ ਸੀ। ਅਤੇ—ਅਤੇ ਫਿਰ ਉਸਨੇ ਕਿਹਾ, "ਹੁਣ ਯਾਦ ਰੱਖੋ, ਦੂਜਾ ਅੰਤਮ ਚਰਨ ਅਜੇ ਬਾਕੀ ਹੈ।"

ਮੈਂ ਸੋਚਿਆ, "ਇੱਕ ਸੰਦੇਸ਼ ਹੋਵੇਗਾ।"

47 ਮੇਰਾ ਸੰਦੇਸ਼ ਯਾਦ ਹੈ ਜੋ ਇੱਥੇ ਹੋਇਆ ਸੀ? ਉਸ ਸਿਰੇ ਦੇ ਪੱਥਰ ਦਾ ਖੁੱਲਣਾ, ਜਿੱਥੇ, ਉਹ ਸੱਤ ਆਵਾਜ਼ਾਂ ਅਤੇ ਮੋਹਰਾਂ ਹਨ ਜੋ ਪਰਮੇਸ਼ੁਰ ਦੇ ਬਚਨ

ਵਿੱਚ ਵੀ ਨਹੀਂ ਲਿਖੀਆਂ ਗਈਆਂ ਹਨ। ਯਾਦ ਹੈ? ਅਤੇ ਇਹ ਮੈਨੂੰ ਉਸ ਪਿਰਾਮਿਡ ਵਿੱਚ ਲੈ ਗਿਆ।

48 ਅਤੇ ਜੂਨੀ ਜੈਕਸਨ, ਜੇ ਤੁਸੀਂ ਇੱਥੇ ਹੋ, ਤਾਂ ਉਹ ਸੁਪਨਾ ਜੋ ਤੁਸੀਂ ਮੈਨੂੰ ਬਹੁਤ ਸਮਾਂ ਪਹਿਲਾਂ ਦੱਸਿਆ ਸੀ। ਮੈਂ ਅੱਜ ਸਵੇਰੇ ਇਹ ਨਹੀਂ ਦੱਸਾਂਗਾ। ਤੁਸੀਂ…ਪਰਮੇਸ਼ੁਰ ਇਸ ਲਈ ਇੰਨਾ ਸਿੱਧ ਸੀ। ਅਤੇ ਤੁਹਾਨੂੰ ਇਸਦਾ ਅਰਥ ਨਾ ਦੱਸਣ ਲਈ ਮੈਨੂੰ ਮਾਫ਼ ਕਰਨਾ; ਕਿਉਂਕਿ, ਮੈਂ ਦੇਖਿਆ ਕਿ ਕੁਝ ਹਿੱਲਜੁਲ ਹੋ ਰਹੀ ਸੀ।

ਜੇ.ਟੀ., ਉਹੀ ਗੱਲ, ਦੇਖੋ। ਅਤੇ ਮੈਨੂੰ—ਮੈਨੂੰ—ਮੈਨੂੰ ਇਹ ਪਤਾ ਸੀ।

ਅਤੇ ਭੈਣ ਕੋਲਿਨਜ਼, ਬਿਲਕੁਲ ਉਹੀ ਗੱਲ। ਸਮਝੇ?

ਅਤੇ ਉਨ੍ਹਾਂ ਵਿੱਚੋਂ ਛੇ, ਸਿੱਧੇ ਉਸੇ ਚੀਜ਼ ਵੱਲ ਲੈ ਜਾ ਰਹੇ ਸਨ।

49 ਅਤੇ ਫਿਰ ਉਹ ਦਰਸ਼ਨ ਜੋ ਮੈਂ ਤੁਹਾਨੂੰ ਸਾਰਿਆਂ ਨੂੰ ਦੱਸਿਆ ਸੀ, ਕਈ ਸਾਲ ਪਹਿਲਾਂ, ਇਹ ਉਸ ਦਿਨ ਹੀ ਹੋਇਆ ਸੀ। ਸਮਝੇ? ਅਜਿਹਾ ਹੋਵੇਗਾ।

50 ਅਤੇ ਉੱਥੇ ਇਹ ਹੈ, ਬਿਲਕੁਲ ਉੱਥੇ ਪਿਆ ਹੈ, ਸਭ ਕੁਝ ਉੱਥੇ ਹੀ ਹੈ। ਇਹ ਬਸ ਕੁਝ ਤਾਂ ਚੱਲ ਰਿਹਾ ਹੈ। ਮੈਨੂੰ ਨਹੀਂ ਪਤਾ ਕਿ ਇਹ ਕੀ ਹੈ। ਪਰਮੇਸ਼ੁਰ ਮੇਰੀ ਮਦਦ ਕਰੇ; ਮੇਰੀ ਪ੍ਰਾਰਥਨਾ ਹੈ।

ਆਓ ਅਸੀਂ ਪ੍ਰਾਰਥਨਾ ਕਰੀਏ।

51 ਸਵਰਗੀ ਪਿਤਾ, ਅਸੀਂ ਹਾਂ—ਅਸੀਂ ਕੇਵਲ ਮਰਨਹਾਰ ਪ੍ਰਾਣੀ ਹਾਂ, ਅਤੇ ਅਸੀਂ ਅੱਜ ਸਵੇਰੇ ਇੱਥੇ ਖੜ੍ਹੇ ਹਾਂ। ਅਤੇ, ਪ੍ਰਭੂ, ਮੈਂ…ਤੁਸੀਂ ਮੈਨੂੰ ਇਸ ਛੋਟੇ ਝੁੰਡ ਅਤੇ ਇਸ ਕਲੀਸਿਯਾ ਦੀ ਅਗਵਾਈ ਕਰਨ ਲਈ ਭੇਜਿਆ ਹੈ। ਅਤੇ ਮੈਂ ਆਪਣੇ ਅੰਤ ਤੇ ਹਾਂ। ਮੈਨੂੰ ਨਹੀਂ ਪਤਾ ਕਿ ਇਹ ਕਿਸ ਤਰ੍ਹਾਂ ਹੋਵੇਗਾ, ਕੀ ਹੋਵੇਗਾ, ਕਿੱਥੇ, ਆ ਰਿਹਾ ਹੈ। ਪਰ ਮੈਂ ਇਹ ਇੱਕ ਚੀਜ਼ ਜਾਣਦਾ ਹਾਂ, ਕਿ, ਤੁਸੀਂ ਕਿਹਾ ਸੀ ਕਿ ਤੁਸੀਂ ਕਰੋਗੇ "ਸਭ ਚੀਜਾਂ ਮਿਲ ਕੇ ਉਨ੍ਹਾਂ ਦਾ ਭਲਾ ਕਰਦੀਆਂ ਹਨ" ਜੋ ਤੁਹਾਨੂੰ ਪਿਆਰ ਕਰਦੇ ਹਨ ਅਤੇ ਤੁਹਾਡੇ ਮਕਸਦ ਅਨੁਸਾਰ ਬੁਲਾਏ ਗਏ ਹਨ। ਮੈਂ ਤੁਹਾਡੇ ਅੱਗੇ ਪ੍ਰਾਰਥਨਾ ਕਰਦਾ ਹਾਂ, ਪਰਮੇਸ਼ੁਰ, ਕਿ ਤੁਹਾਡੀ ਕਿਰਪਾ ਦਾ ਵੱਡਾ ਹੱਥ ਸਾਡੇ ਉੱਤੇ ਬਣਿਆ ਰਹੇ।

52 ਅਸੀਂ ਸੱਚਮੁੱਚ ਜਾਣਦੇ ਹਾਂ ਕਿ ਤੁਸੀਂ ਪਰਮੇਸ਼ੁਰ ਹੋ। ਅਤੇ ਅਸੀਂ ਜਾਣਦੇ ਹਾਂ ਕਿ ਤੁਸੀਂ ਉਹ ਨਹੀਂ ਹੋ ਜੋ ਬੀਤੇ ਦਿਨਾਂ ਵਿੱਚ ਜੀਉਂਦੇ ਸੀ, ਪਰ ਤੁਸੀਂ ਅੱਜ ਵੀ ਜੀਉਂਦੇ ਹੋ। ਤੁਸੀਂ ਹਮੇਸ਼ਾ ਹੀ ਪਰਮੇਸ਼ੁਰ ਸੀ। ਤੁਸੀਂ ਹਮੇਸ਼ਾ ਪਰਮੇਸ਼ੁਰ ਰਹੋਗੇ। ਤੁਸੀਂ ਸਮੇਂ ਤੋਂ ਪਹਿਲਾਂ ਪਰਮੇਸ਼ੁਰ ਸੀ, ਅਤੇ ਜਦੋਂ ਸਮਾਂ ਨਹੀਂ ਰਹੇਗਾ ਤੁਸੀਂ ਤਦ ਵੀ ਪਰਮੇਸ਼ੁਰ ਰਹੋਗੇ। ਤੁਸੀਂ ਅਜੇ ਵੀ ਪਰਮੇਸ਼ੁਰ ਹੋ।

53 ਅਤੇ ਅਸੀਂ ਤੁਹਾਡੇ ਹੱਥਾਂ ਵਿੱਚ ਹਾਂ, ਪ੍ਰਭੂ। ਅਸੀਂ ਸਿਰਫ਼ ਮਿੱਟੀ ਹਾਂ, ਅਤੇ ਤੁਸੀਂ ਬਣਾਉਣ ਵਾਲੇ, ਘੁਮਿਆਰ ਹੋ। ਸਾਡੇ ਜੀਵਨ ਨੂੰ ਉਸ ਤਰੀਕੇ ਨਾਲ ਆਕਾਰ ਦਿਓ, ਪ੍ਰਭੂ, ਜਿਸ ਨਾਲ ਤੁਹਾਡੇ ਸਨਮਾਨ ਲਈ ਸਭ ਤੋਂ ਉੱਤਮ ਸੇਵਾ ਪ੍ਰਾਪਤ ਹੋ ਸਕੇ। ਇਹ ਬਖਸ ਦਿਓ, ਪਿਤਾ। ਅਸੀਂ ਬਸ ਤੇਰੇ ਹੱਥਾਂ ਵਿੱਚ ਹਾਂ।

54 ਸਾਡੇ ਕੋਲ ਆਪਣੇ ਆਪ ਨੂੰ ਇੱਥੇ ਲਿਆਉਣ ਦਾ ਕੋਈ ਜਰਿਆ ਨਹੀਂ ਸੀ, ਜਾਂ ਸਾਨੂੰ ਨਹੀਂ ਪਤਾ ਕਿ ਅਸੀਂ ਬਾਹਰ ਕਿਵੇਂ ਜਾਵਾਂਗੇ। ਪ੍ਰਭੂ, ਤੁਸੀਂ ਸਾਨੂੰ ਜੀਵਨ ਦਿੰਦੇ ਹੋ, ਅਤੇ ਤੁਹਾਡੇ ਕੋਲ ਹੈ...ਅਸੀਂ ਆਪਣੀਆਂ ਜਾਨਾਂ ਤੁਹਾਨੂੰ ਵਾਪਸ ਦਿੰਦੇ ਹਾਂ, ਅਤੇ, ਇਸ ਤਰ੍ਹਾਂ, ਤੁਸੀਂ ਸਾਨੂੰ ਬਦਲੇ ਵਿੱਚ, ਸਦੀਪਕ ਜੀਵਨ ਦਿੱਤਾ ਹੈ। ਸਾਡੀ ਨਿਹਚਾ ਸਾਡੇ ਅੰਦਰ ਇਹੀ ਸਾਹ ਲੈਂਦੀ ਹੈ। ਅਤੇ ਅਸੀਂ ਤੁਹਾਨੂੰ ਇਸ ਲਈ ਪਿਆਰ ਕਰਦੇ ਹਾਂ, ਕਿਉਂਕਿ ਅਸੀਂ ਜਾਣਦੇ ਹਾਂ ਕਿ ਕਿਸੇ ਦਿਨ ਅਸੀਂ ਤੁਹਾਨੂੰ ਦੇਖਾਂਗੇ, ਅਤੇ ਤੁਸੀਂ ਆਪਣੀ ਮਹਿਮਾ ਵਿੱਚ ਹੋਵੋਗੇ। ਅਤੇ ਅਸੀਂ ਉਸਨੂੰ ਦੇਖਾਂਗੇ। ਅਤੇ ਅਸੀਂ ਉਨ੍ਹਾਂ ਸ਼ਬਦਾਂ ਨੂੰ ਸੁਣਨ ਲਈ ਤਰਸਦੇ ਹਾਂ, "ਬਹੁਤ ਚੰਗਾ ਕੀਤਾ, ਮੇਰੇ ਚੰਗੇ ਅਤੇ ਵਫ਼ਾਦਾਰ ਸੇਵਕ। ਪ੍ਰਭੂ ਦੇ ਆਨੰਦ ਵਿੱਚ ਦਾਖਲ ਹੋਵੋ, ਜੋ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਤੁਹਾਡੇ ਲਈ ਤਿਆਰ ਕੀਤਾ ਗਿਆ ਹੈ।" ਉਸ ਸਮੇਂ ਤੱਕ, ਹੇ ਪਰਮੇਸ਼ੁਰ, ਜਦੋਂ ਅਸੀਂ ਸਾਰੇ ਮਿਲਦੇ ਹਾਂ, ਸਾਡੀ ਅਗਵਾਈ ਕਰ।

ਅਸੀਂ ਤੁਹਾਡੇ ਸੇਵਕ ਹਾਂ ਅਤੇ ਅਸੀਂ ਆਪਣੇ ਗੁਨਾਹਾਂ ਦੀ ਮਾਫ਼ੀ ਮੰਗਦੇ ਹਾਂ।

55 ਇਹ ਸ਼ਕਤੀਸ਼ਾਲੀ ਦਰਸ਼ਨ, ਪ੍ਰਭੂ, ਤੇਰੇ ਸੇਵਕ ਲਈ ਬਹੁਤ ਜ਼ਿਆਦਾ ਹਨ। ਮੈਨੂੰ ਨਹੀਂ ਪਤਾ ਕਿ ਕੀ ਕਰਨਾ ਹੈ। ਮੈਨੂੰ—ਮੈਨੂੰ ਇਹੀ ਪਤਾ ਹੈ ਕਿ ਉਹ ਆਏ। ਅਤੇ ਮੈਂ ਸਿਰਫ ਉਹੀ ਕਹਿ ਸਕਦਾ ਹਾਂ ਜੋ ਮੈਂ ਦੇਖਿਆ, ਅਤੇ ਜੋ ਇਸਨੇ ਕਿਹਾ ਸੀ। ਅਤੇ ਕਈ ਵਾਰ ਇਹ ਮੈਨੂੰ ਡਰਾ ਦਿੰਦਾ ਹੈ, ਪ੍ਰਭੂ। ਅਤੇ ਮੈਂ—ਮੈਂ ਹੈਰਾਨ ਹੋ ਜਾਂਦਾ ਹਾਂ ਕਿ ਕੀ ਕਰਨਾ ਚਾਹੀਦਾ ਹੈ।

56 ਫਿਰ ਮੈਂ ਬਾਈਬਲ ਲੈਂਦਾ ਹਾਂ ਅਤੇ ਉੱਥੇ ਪੜ੍ਹਦਾ ਹਾਂ ਕਿ ਯਸਾਯਾਹ ਨੇ ਉਸ ਦਿਨ ਮੰਦਰ ਵਿਚ ਕਿਵੇਂ ਮਹਿਸੂਸ ਕੀਤਾ ਹੋਵੇਗਾ, ਜਦੋਂ ਉਸਨੇ ਉਨ੍ਹਾਂ ਦੂਤਾਂ ਨੂੰ ਦੇਖਿਆ, ਜਿਨ੍ਹਾਂ ਦੇ ਪੈਰਾਂ ਉੱਤੇ ਖੰਭ ਸਨ। ਕੋਈ ਹੈਰਾਨੀ ਨਹੀਂ ਕਿ ਉਹ ਚੀਕਿਆ, "ਹਾਏ ਮੈਨੂੰ! ਕਿਉਂਕਿ ਮੇਰੀਆਂ ਅੱਖਾਂ ਨੇ ਯਹੋਵਾਹ ਦੀ ਮਹਿਮਾ ਵੇਖੀ ਹੈ।"

57 ਅਤੇ ਉਸ ਵੇਲੇ ਜੱਦ ਨਬੀ ਨੇ ਉੱਚੀ ਆਵਾਜ਼ ਵਿੱਚ ਪੁਕਾਰਿਆ: ਜਦੋਂ ਉਸ ਨੂੰ ਮੰਦਰ ਵਿੱਚ ਸ਼ੁੱਧ ਕੀਤਾ ਗਿਆ, ਜਦੋਂ ਦੂਤ ਨੇ ਚਿਮਟਾ ਲਿਆ ਅਤੇ ਭਖਦਾ ਹੋਇਆ ਕੋਲਾ ਲਿਆ ਅਤੇ ਉਸਦੇ ਬੁੱਲ੍ਹਾਂ ਉੱਤੇ ਰੱਖਿਆ; ਜਦੋਂ ਉਸਨੇ

ਕਬੂਲ ਕੀਤਾ ਕਿ ਉਹ ਭਰਿਸ਼ਟ ਬੁੱਲ੍ਹਾਂ ਵਾਲਾ ਮਨੁੱਖ ਸੀ, ਅਤੇ ਭਰਿਸ਼ਟ ਲੋਕਾਂ ਵਿੱਚ ਵੱਸਦਾ ਸੀ। ਹਾਲਾਂਕਿ, ਉਹ ਇੱਕ ਨਬੀ ਸੀ। ਦੂਤ ਨੇ ਚਿਮਟਾ ਲਿਆ ਅਤੇ ਭਖਦਾ ਹੋਇਆ ਕੋਲਾ ਉਸਦੇ ਬੁੱਲ੍ਹਾਂ ਉੱਤੇ ਰੱਖਿਆ ਅਤੇ ਉਸਨੂੰ ਸ਼ੁੱਧ ਕੀਤਾ ਅਤੇ ਕਿਹਾ, "ਹੁਣ ਜਾ, ਭਵਿੱਖਬਾਣੀ ਕਰ।"

ਯਹੋਵਾਹ ਪਰਮੇਸ਼ੁਰ, ਯਸਾਯਾਹ ਨੇ ਪੁਕਾਰਿਆ, "ਮੈਂ ਹਾਜ਼ਰ ਹਾਂ, ਪ੍ਰਭੂ। ਮੈਨੂੰ ਘੱਲੋ।"

58 ਜਦੋਂ, ਉਸਨੇ ਕਿਹਾ, "ਕੌਣ ਸਾਡੇ ਲਈ ਜਾਵੇਗਾ?" ਉਸ ਦੁਸ਼ਟ ਅਤੇ ਵਿਭਚਾਰੀ ਪੀੜ੍ਹੀ ਲਈ!

59 ਹੇ ਪਰਮੇਸ਼ੁਰ, ਇਸਨੂੰ ਦੁਬਾਰਾ ਦੁਹਰਾਇਆ ਜਾਣ ਦਿਓ। ਇਸ ਨੂੰ ਮੁੜ ਆਉਣ ਦਿਓ, ਹੇ ਪ੍ਰਭੂ। ਪਵਿੱਤਰ ਆਤਮਾ ਨੂੰ ਸਾਫ਼ ਕਰਨ ਵਾਲੀ ਅੱਗ ਨਾਲ ਭੇਜੋ। ਕਿਉਂਕਿ, ਮੈਂ ਕਬੂਲ ਕਰਦਾ ਹਾਂ, ਮੈਂ ਭਰਿਸ਼ਟ ਬੁੱਲਾਂ ਵਾਲਾ ਹਾਂ, ਅਤੇ ਇਸ ਧਰਤੀ ਉੱਤੇ ਭਰਿਸ਼ਟ ਲੋਕਾਂ ਵਿੱਚ ਵੱਸਦਾ ਹਾਂ। ਅਤੇ ਅਸੀਂ ਤੁਹਾਡੀ ਨਜ਼ਰ ਵਿੱਚ ਅਸ਼ੁੱਧ ਹਾਂ, ਪ੍ਰਭੂ। ਪਰ, ਔਹ, ਸ਼ੁੱਧ ਕਰਨ ਦੀ ਸ਼ਕਤੀ, ਪਵਿੱਤਰ ਆਤਮਾ ਨੂੰ ਭੇਜੋ! ਸਾਨੂੰ ਸ਼ੁੱਧ ਕਰ, ਹੇ ਪ੍ਰਭੂ। ਆਪਣੇ ਸੇਵਕ ਨੂੰ, ਸ਼ੁੱਧ ਕਰ ਪ੍ਰਭੂ।

60 ਅਤੇ ਫਿਰ ਬੋਲੋ, ਪ੍ਰਭੂ। ਤੇਰਾ ਸੇਵਕ ਸੁਣ ਰਿਹਾ ਹੈ। ਮੈਂ ਉਸ ਆਵਾਜ਼ ਨੂੰ ਸੁਣਨ ਲਈ ਤਰਸ ਰਿਹਾ ਹਾਂ। ਮੈਂ ਤੁਹਾਡਾ ਹਾਂ। ਮੇਰਾ ਉਪਯੋਗ ਕਰੋ, ਹੇ ਪ੍ਰਭੂ, ਜਿਵੇਂ ਤੁਸੀਂ ਠੀਕ ਸਮਝਦੇ ਹੋ, ਜਦੋਂ ਮੈਂ ਆਪਣੇ ਆਪ ਨੂੰ ਤੁਹਾਡੀ ਜਗਵੇਦੀ ਉੱਤੇ ਰੱਖਦਾ ਹਾਂ। ਪਵਿੱਤਰ ਆਤਮਾ ਮੈਨੂੰ ਸ਼ੁੱਧ ਕਰੇ, ਪ੍ਰਭੂ; ਅਤੇ ਮਸਹ ਕਰੋ ਅਤੇ ਅੱਗੇ ਭੇਜੋ, ਪ੍ਰਭੂ, ਜੇ ਤੁਸੀਂ ਚਾਹੁੰਦੇ ਹੋ ਕਿ ਕੋਈ ਜਾਵੇ, ਜੇਕਰ ਇਹੀ ਉਹ ਘੜੀ ਹੈ ਅਤੇ ਇਹੀ ਉਹ ਸਮਾਂ ਹੈ।

61 ਮੈਂ—ਮੈਂ ਨਹੀਂ ਜਾਣਦਾ, ਪ੍ਰਭੂ। ਮੈਂ—ਮੈਂ ਬੱਸ ਇਹ ਜਾਣਦਾ ਹਾਂ ਕਿ ਮੈਂ ਉਨ੍ਹਾਂ ਦੂਤਾਂ ਨੂੰ ਦੇਖਿਆ ਹੈ। ਅਤੇ ਤੁਸੀਂ ਜਾਣਦੇ ਹੋ ਕਿ ਉਹ ਚੀਜ਼ਾਂ ਬਿਲਕੁਲ ਸੱਚ ਹਨ। ਅਤੇ ਮੈਂ ਪ੍ਰਾਰਥਨਾ ਕਰਦਾ ਹਾਂ, ਪ੍ਰਭੂ, "ਹਾਇ ਮੇਰੇ ਉੱਤੇ," ਇਸ ਲਈ ਮੇਰੀ ਮਦਦ ਕਰੋ।

62 ਅਤੇ ਹੁਣ ਇਨ੍ਹਾਂ ਲੋਕਾਂ ਨੂੰ ਅਸੀਸ ਦਿਓ। ਅਤੇ ਅੱਜ ਅਸੀਂ ਇੱਥੇ ਹਾਂ, ਸਾਡੇ ਪ੍ਰਭੂ ਦੇ ਜਨਮ ਦੇ ਇਸ ਜਸ਼ਨ ਸਮੇਂ ਦੀ ਪੂਰਵ ਸੰਧਿਆ ਤੋਂ ਪਹਿਲਾਂ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਸਾਡੀ ਮਦਦ ਕਰੋਗੇ।

63 ਅਤੇ ਅੱਜ ਸਵੇਰੇ, ਤੁਹਾਡੇ ਸੇਵਕ, ਸਾਡੇ ਭਾਈ ਨੇਵਿਲ ਨੇ, ਮਹਿਸੂਸ ਕੀਤਾ ਹੈ ਕਿ ਸ਼ਾਇਦ ਇਹ ਸਮਾਂ ਹੈ ਕਿ ਉਸਨੂੰ ਕੁਝ ਪਲ ਆਰਾਮ ਕਰਨਾ ਚਾਹੀਦਾ ਹੈ, ਅਤੇ ਸ਼ਾਇਦ ਮੈਨੂੰ ਬੋਲਣਾ ਚਾਹੀਦਾ ਹੈ। ਅਤੇ ਮੈਂ—ਮੈਂ ਪ੍ਰਾਰਥਨਾ ਕਰਦਾ ਹਾਂ ਕਿ ਹੁਣ ਤੁਸੀਂ ਮੇਰੀ ਮਦਦ ਕਰੋਗੇ।

64 ਇੱਥੇ ਉਹ ਹਨ, ਪ੍ਰਭੂ, ਅਤੇ ਸਾਨੂੰ ਸਾਰਿਆਂ ਨੂੰ, ਤੁਹਾਡੀ ਲੋੜ ਹੈ। ਇਸ ਲਈ ਅਸੀਂ ਹੁਣ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਸਾਨੂੰ ਅਸੀਸ ਦਿਓ ਜਦ ਅਸੀਂ ਤੁਹਾਡੇ ਬਚਨ ਨੂੰ ਪੜ੍ਹਦੇ ਹਾਂ ਅਤੇ ਥੋੜੇ ਸਮੇਂ ਲਈ ਇਸ ਤੇ ਮਨਨ ਕਰਦੇ ਹਾਂ। ਤੁਹਾਡੀ ਆਤਮਾ ਨੂੰ ਸਾਡੇ ਉੱਤੇ ਆਉਣ ਦਿਓ, ਪ੍ਰਭੂ। ਅਤੇ ਸਾਨੂੰ ਸ਼ੁੱਧ ਕਰੋ ਅਤੇ ਪਵਿੱਤਰ ਆਤਮਾ ਨਾਲ, ਸਾਨੂੰ ਅੱਗ ਤੇ ਰੱਖ ਦਿਓ, ਪਰਮੇਸ਼ੁਰ ਦੇ ਸੰਦੇਸ਼ ਨਾਲ, ਜੋ ਜਗਵੇਦੀ ਤੋਂ ਤਾਜ਼ਾ ਆਵੇ, ਇਸ ਮਰ ਰਹੇ ਸੰਸਾਰ ਨੂੰ ਹਿਲਾ ਦੇਣ ਲਈ, ਮਹਾਨ ਅਨੰਤ ਪਰਮੇਸ਼ੁਰ ਪਰਮੇਸ਼ੁਰ ਦੇ ਆਉਣ ਤੋਂ ਪਹਿਲਾਂ। ਕਿਉਂਕਿ ਅਸੀਂ ਇਸਨੂੰ ਉਸਦੇ ਪਿਆਰੇ ਪੁੱਤਰ, ਅਤੇ ਸਾਡੇ ਮੁਕਤੀਦਾਤਾ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

65 ਹੁਣ ਮੈਂ ਤੁਹਾਡਾ ਧਿਆਨ ਇੱਥੇ ਕਿਸੇ ਲਿਖਤ ਵੱਲ ਖਿੱਚਣਾ ਚਾਹੁੰਦਾ ਹਾਂ, ਅਤੇ ਕੁਝ ਨੋਟ, ਜੋ ਮੈਂ ਲਿਖੇ ਹੋਏ ਹਨ।

66 ਅਤੇ ਮੈਂ ਵਿਸ਼ਵਾਸ ਕਰਦਾ ਹਾਂ, ਡਾੱਕ, ਜਾਂ ਬਿਲੀ, ਜਾਂ ਉਹਨਾਂ ਵਿੱਚੋਂ ਕਿਸੇ ਨੇ ਮੈਨੂੰ ਦੱਸਿਆ, ਕਿ ਉਹ ਬੱਚਿਆਂ ਦੇ ਕਾਰਨ, ਥੋੜਾ ਜਿਹਾ ਜਲਦੀ ਬਾਹਰ ਜਾਣਾ ਚਾਹੁੰਦੇ ਹਨ। ਉਨ੍ਹਾਂ ਕੋਲ ਬੱਚਿਆਂ ਲਈ ਕੁਝ ਤੋਹਫ਼ੇ ਹਨ।

67 ਤੁਸੀਂ ਛੋਟੇ ਬੱਚਿਓ ਜੋ ਹੁਣੇ-ਹੁਣੇ ਆਪਣੇ ਸੰਡੇ ਸਕੂਲ ਤੋਂ ਬਾਹਰ ਹੋਏ ਹਨ, ਤੁਸੀਂ—ਤੁਸੀਂ ਬਸ ਥੋੜ੍ਹੇ ਸਮੇਂ ਲਈ, ਆਲੇ ਦੁਆਲੇ ਰਹੋ। ਜੋ ਅਸੀਂ ਇੱਥੋਂ ਕਹਿੰਦੇ ਹਾਂ ਹੋ ਸਕਦਾ ਹੈ ਉਹ ਤੁਹਾਡੇ ਲਈ ਥੋੜਾ ਡੂੰਘਾ ਹੋਵੇ, ਪਰ ਤੁਸੀਂ—ਪਰ ਤੁਸੀਂ ਕੁਝ ਮਿੰਟਾਂ ਲਈ ਮਾਂ ਅਤੇ ਪਿਤਾ ਦੇ ਨਾਲ ਬੈਠੇ ਰਹੋ। ਮੈਂ ਉਨ੍ਹਾਂ ਨਾਲ ਗੱਲ ਕਰਨੀ ਚਾਹੁੰਦਾ ਹਾਂ।

68 ਹੁਣ, ਜ਼ਬੂਰਾਂ ਵਿੱਚ, 89ਵੇਂ ਜ਼ਬੂਰ ਵਿੱਚ, ਮੈਂ 89ਵੇਂ ਜ਼ਬੂਰ ਦੀ, ਇੱਕ ਜਾਂ ਦੋ ਆਇਤ ਪੜ੍ਹਨਾ ਚਾਹੁੰਦਾ ਹਾਂ। ਮੈਂ ਜ਼ਬੂਰ 89 ਦੀਆਂ 50ਵੀਂ, 51ਵੀਂ ਅਤੇ 52ਵੀਂ ਆਇਤਾਂ ਨੂੰ ਪੜ੍ਹਨ ਦੀ ਕੋਸ਼ਿਸ਼ ਕਰਾਂਗਾ।

69 ਹੁਣ, ਕੀ ਤੁਸੀਂ ਪਿੱਛੇ ਸਭ ਪਿਛਾਂਹ ਤਕ ਨਾਲ ਸੁਣ ਸਕਦੇ ਹੋ, ਠੀਕ ਹੈ? ਜੇ ਤੁਸੀਂ ਸੁਣ ਸਕਦੇ ਹੋ, ਤਾਂ ਆਪਣੇ ਹੱਥ ਉਠਾਓ। ਇਸ ਲਈ ਮੈਂ…ਜੋ ਕਿ…ਕੀ ਇਹ ਸਾਰੇ ਮਾਈਕ ਚਾਲੂ ਹਨ? [ਇੱਕ ਭਾਈ ਕਹਿੰਦਾ ਹੈ, "ਮੈਨੂੰ ਨਹੀਂ ਪਤਾ।"—ਸੰਪਾ.] ਕੀ *ਇਹ* ਵਾਲਾ ਬਿਹਤਰ ਹੈ, ਜਾਂ *ਇਹ* ਵਾਲਾ? *ਇਹ* ਵਾਲਾ? *ਇਹ* ਵਾਲਾ? ["ਇਸ ਪਾਸੇ ਵਾਲੇ ਦੋਵੇਂ ਚਾਲੂ ਹਨ।"] ਬਿਲਕੁੱਲ ਇੱਥੇ, *ਇਹ* ਦੋਵੇਂ ਜੋ ਇਸ ਪਾਸੇ ਹਨ? ["*ਇਹ* ਵਾਲਾ, *ਇਹ* ਵਾਲਾ, ਅਤੇ *ਇਹ* ਵਾਲਾ।"] ਠੀਕ ਹੈ।

70 ਮੈਨੂੰ ਨਹੀਂ ਪਤਾ ਕਿ ਉਹ ਇਸ ਨੂੰ ਟੇਪ ਕਰਨ ਜਾ ਰਹੇ ਹਨ ਜਾਂ ਨਹੀਂ। ਅੱਜ ਸਵੇਰੇ ਇਹ ਪ੍ਰੋਗਰਾਮ ਅਚਾਨਕ ਬਣਿਆ ਹੈ।

71 ਪਰ ਹੁਣ ਭੁੱਲਣਾ ਨਹੀਂ, ਆਪਣੇ ਸਾਰੇ ਦੋਸਤਾਂ ਨੂੰ ਦੱਸਣ ਲਈ। ਅਤੇ ਮੈਂ—ਮੈਂ ਚਾਹੁੰਦਾ ਹਾਂ ਕਿ ਤੁਸੀਂ ਪੱਕੇ ਤੌਰ ਤੇ, ਲਗਭਗ, ਅਗਲੇ ਐਤਵਾਰ ਦੀ ਸਭਾ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰੋ।

72 ਮੈਨੂੰ ਲੱਗਦਾ ਹੈ ਕਿ, ਉਹਨਾਂ ਨੂੰ ਇੱਥੇ ਛੇਤੀ ਨਾਲ ਕਲੀਸਿਯਾ ਨੂੰ ਸਮਾਪਤ ਕਰਨਾ ਪਵੇਗਾ। ਅਤੇ ਮੈਂ—ਮੈਂ ਫਿਰ ਇਸ ਲਈ ਵਾਪਸ ਆਵਾਂਗਾ, ਜੇ ਪਰਮੇਸ਼ੁਰ ਦੀ ਇਹ ਇੱਛਾ ਹੋਵੇਗੀ, ਤਾਂ ਇਹਨਾਂ ਵਚਨਾਂ ਵਿੱਚੋਂ, ਉਨ੍ਹਾਂ ਸੱਤ ਮੋਹਰਾਂ ਦਾ ਪ੍ਰਚਾਰ ਕਰਾਂਗਾ।

73 ਜ਼ਬੂਰਾਂ ਦੀ ਕਿਤਾਬ ਵਿੱਚ, 89ਵਾਂ ਅਧਿਆਇ, 50ਵੀਂ ਆਇਤ ਤੋਂ ਸ਼ੁਰੂ ਕਰਾਂਗੇ। ਹੁਣ ਵਚਨ ਦੇ ਪੜ੍ਹੇ ਜਾਣ ਨੂੰ ਧਿਆਨ ਨਾਲ ਸੁਣੋ।

> *ਪ੍ਰਭੁ, ਆਪਣੇ ਦਾਸਾਂ ਦੀ ਨਿੰਦਾ ਦਾ ਚੇਤਾ ਕਰ; ਮੈਂ ਆਪਣੀ ਛਾਤੀ ਉੱਤੇ ਬਹੁਤ ਸਾਰੇ ਜੋਰਾਵਰ ਲੋਕਾਂ ਦੀ ਨਿੰਦਾ ਚੁੱਕੀ ਬੈਠਾ ਹਾਂ;*
>
> *ਜਿਸ ਨਾਲ ਤੇਰੇ ਵੈਰੀਆਂ ਨੇ ਬਦਨਾਮੀ ਕੀਤੀ ਹੈ, **ਹੇ ਪ੍ਰਭੂ;** ਜਿਸ ਨਾਲ ਉਹਨਾਂ ਨੇ ਤੇਰੇ ਮਸਹ ਕੀਤੇ ਹੋਏ ਦੀ ਚਾਲ ਨੂੰ ਨਿੰਦਿਆ ਹੈ।*
>
> ***ਯਹੋਵਾਹ** ਸਦਾ ਤੀਕ ਮੁਬਾਰਕ ਹੋਵੇ। ਆਮੀਨ, ਫੇਰ ਆਮੀਨ।*

74 ਮੈਂ ਇਸ ਉੱਤੇ ਤੁਹਾਡੇ ਨਾਲ ਕੁਝ ਪਲਾਂ ਲਈ ਗੱਲ ਕਰਨਾ ਚਾਹਾਂਗਾ… ਮੈਂ ਚਾਹੁੰਦਾ ਹਾਂ ਕਿ ਤੁਸੀਂ ਪਹਿਲਾਂ, ਇਸ ਤੇ ਨਿਸ਼ਾਨ ਲਗਾਓ, ਅਤੇ ਉਸ ਨੂੰ ਵਾਰ-ਵਾਰ ਪੜ੍ਹੋ, ਚੰਗੀ ਤਰ੍ਹਾਂ। ਹੋ ਸਕਦਾ ਹੈ ਕਿ ਇਸ ਨੂੰ ਹੁਣ ਦੁਬਾਰਾ ਪੜ੍ਹਨਾ ਪਏਗਾ। ਹੁਣ ਧਿਆਨ ਨਾਲ ਸੁਣੋ। ਸਮਝੇ?

> *ਪ੍ਰਭੁ, ਆਪਣੇ ਦਾਸਾਂ ਦੀ ਨਿੰਦਾ ਦਾ ਚੇਤਾ ਕਰ; ਮੈਂ ਆਪਣੀ ਛਾਤੀ ਉੱਤੇ ਬਹੁਤ ਸਾਰੇ ਜੋਰਾਵਰ ਲੋਕਾਂ ਦੀ ਨਿੰਦਾ ਚੁੱਕੀ ਬੈਠਾ ਹਾਂ;*
>
> *ਜਿਸ ਨਾਲ ਤੇਰੇ ਵੈਰੀਆਂ ਨੇ ਬਦਨਾਮੀ ਕੀਤੀ ਹੈ, **ਹੇ ਪ੍ਰਭੂ;** ਜਿਸ ਨਾਲ ਉਹਨਾਂ ਨੇ ਤੇਰੇ ਮਸਹ ਕੀਤੇ ਹੋਏ ਦੀ ਚਾਲ ਨੂੰ ਨਿੰਦਿਆ ਹੈ।*
>
> ***ਯਹੋਵਾਹ** ਸਦਾ ਤੀਕ ਮੁਬਾਰਕ ਹੋਵੇ। ਆਮੀਨ, ਫੇਰ ਆਮੀਨ।*

75 ਇਸ ਨੂੰ ਧਿਆਨ ਨਾਲ ਸੁਣੋ, ਜਿਵੇਂ ਦਾਊਦ ਨੇ ਇਹ ਕਿਹਾ ਸੀ। ਮੈਂ ਇਸ ਨੂੰ ਵਿਸ਼ੇ ਲਈ ਵਰਤਣਾ ਚਾਹੁੰਦਾ ਹਾਂ…ਇਹ ਬਹੁਤ ਹੀ ਅਜੀਬ ਹੈ, ਕੀ ਇਹ ਫਿਰ ਤੋਂ ਕ੍ਰਿਸਮਸ ਦਾ ਵਿਸ਼ਾ ਹੈ; ਪਰ ਜਿਵੇਂ ਮੈਂ ਪਿਛਲੇ ਐਤਵਾਰ ਨੂੰ ਇੱਕ ਅਜੀਬ ਵਿਸ਼ੇ ਤੇ ਪ੍ਰਚਾਰ ਕੀਤਾ ਸੀ। ਮੈਂ ਹੁਣ ਭੁੱਲ ਗਿਆ ਹਾਂ ਕਿ ਇਹ ਕੀ ਸੀ। ਇਹ ਸੀ…[ਇੱਕ ਭਾਈ ਕਹਿੰਦਾ ਹੈ, "*ਸੰਸਾਰ ਟੁੱਟ ਰਿਹਾ ਹੈ।*"—ਸੰਪਾ.] ਮਾਫ਼ ਕਰਨਾ? ["*ਸੰਸਾਰ ਟੁੱਟ ਰਿਹਾ ਹੈ।*"] ਟੁੱਟ ਰਿਹਾ ਹੈ: *ਸੰਸਾਰ ਟੁੱਟ ਰਿਹਾ ਹੈ।*

76 ਹੁਣ ਮੈਂ ਇਸ ਐਤਵਾਰ ਨੂੰ, ਇੱਕ ਵਿਸ਼ੇ ਲਈ ਲੈਣਾ ਚਾਹੁੰਦਾ ਹਾਂ: *ਵਚਨ ਦੇ ਕਾਰਨ ਨਿੰਦਾ ਸਹਿਣਾ।* ਹੁਣ ਮੈਨੂੰ ਇਸ ਨੂੰ ਦੁਬਾਰਾ ਦੁਹਰਾਉਣ ਦਿਓ, ਚੰਗੀ ਤਰ੍ਹਾਂ ਨਾਲ।...*ਵਚਨ ਦੇ ਕਾਰਨ ਨਿੰਦਾ ਸਹਿਣਾ।*

77 ਪਰਮੇਸ਼ੁਰ ਕੋਲ ਇੱਕ ਸਮਾਂ ਹੁੰਦਾ ਹੈ, ਅਤੇ ਉਸ ਸਮੇਂ ਦਾ ਇੱਕ ਕਾਰਨ ਹੈ, ਉਸਦੇ ਸਾਰੇ ਵਚਨਾਂ ਨੂੰ ਪੂਰਾ ਕਰਨ ਲਈ। ਪਰਮੇਸ਼ੁਰ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਹ ਕੀ ਕਰਨ ਜਾ ਰਿਹਾ ਹੈ। ਅਸੀਂ ਨਹੀਂ ਜਾਣਦੇ। ਅਸੀਂ ਤਾਂ ਬਸ ਇਸ ਨੂੰ ਲੈਣਾ ਹੈ ਜਦ ਉਹ ਇਸ ਨੂੰ ਸਾਨੂੰ ਦਿੰਦਾ ਹੈ। ਪਰ, ਉਹ ਜਾਣਦਾ ਹੈ, ਅਤੇ ਜੋ ਕੁਝ ਉਸ—ਉਸ ਨੇ ਕਰਨ ਦੀ ਯੋਜਨਾ ਬਣਾਈ ਹੈ ਉਸ ਵਿੱਚ ਕੁਝ ਵੀ ਗਲਤ ਨਹੀਂ ਹੋ ਸਕਦਾ। ਇਹ ਸਭ ਕੁਝ ਪੂਰਾ ਹੋਣਾ ਹੀ ਹੈ। ਕਈ ਵਾਰ, ਉੱਥੇ ਖੁਰਦਰੀਆਂ ਅਤੇ ਸਖਤ ਗੱਲਾਂ ਹੋਣਗੀਆਂ, ਤਾਂ ਜੋ ਕਿਸੇ ਚੀਜ ਦੇ ਅਸਲ, ਵਾਸਤਵਿਕ ਸੁਭਾਅ ਨੂੰ ਸਾਹਮਣੇ ਲਿਆਉਣ।

78 ਤੁਸੀਂ ਜਾਣਦੇ ਹੋ, ਬਰਸਾਤ ਦਾ ਜਨਮ ਇੱਕ ਧਾਰੀਦਰ, ਖੁਰਦਰੇ, ਬਿਜਲੀ ਨਾਲ ਘਿਰੇ ਹੋਏ, ਗਰਜਦੇ ਅਸਮਾਨ ਵਿੱਚ ਹੁੰਦਾ ਹੈ। ਅਤੇ ਜੇਕਰ ਸਾਡੇ ਕੋਲ ਬਾਰਿਸ਼ ਨਾ ਹੁੰਦੀ, ਤਾਂ ਅਸੀਂ ਜੀਉਂਦੇ ਨਾ ਹੁੰਦੇ। ਪਰ ਤੁਸੀਂ ਵੇਖਿਆ ਕਿ ਮੀਂਹ ਕਾਹਦੇ ਨਾਲ ਆਉਂਦਾ ਹੈ? ਗਰਜਾਂ, ਬਿਜਲੀ, ਚਮਕਾਰੇ, ਚਮਕ। ਅਤੇ ਉਥੋਂ ਮੀਂਹ ਆਉਂਦਾ ਹੈ।

79 ਇੱਕ ਬੀਜ ਨੂੰ ਮਰਨਾ, ਸੜਨਾ, ਗਲਨਾ, ਬਦਬੂ, ਅਤੇ ਧਰਤੀ ਦੀ ਮਿੱਟੀ ਵਿੱਚ ਵਾਪਸ ਜਾਣਾ ਪੈਂਦਾ ਹੈ, ਤਾਂ ਜੋ ਨਵੇਂ ਜੀਵਨ ਨੂੰ ਲੈ ਕੇ ਆ ਸਕੇ।

80 ਇਹ ਸੋਨੇ ਦਾ ਕੁੱਟਿਆ ਜਾਣਾ ਹੈ, ਅੱਗੇ ਅਤੇ ਪਿੱਛੇ, ਬਾਰ-ਬਾਰ ਘੁਮਾਇਆ ਜਾਂਦਾ ਹੈ, ਅਤੇ ਉਦੋਂ ਤੱਕ ਕੁੱਟਿਆ ਜਾਂਦਾ ਹੈ ਜਦੋਂ ਤੱਕ ਇਸ ਵਿੱਚੋਂ ਸਾਰਾ ਕੂੜਾ ਨਹੀਂ ਕੱਢ ਲਿਆ ਜਾਂਦਾ। ਇਸ ਲਈ ਨਹੀਂ ਕਿ ਇਹ ਚਮਕਦਾ ਹੈ, ਕਿਉਂਕਿ ਇਹ ਲੋਹੇ ਦਾ ਪੀਲਾ ਰੂਪ ਹੁੰਦਾ ਹੈ, ਜਿਸ ਨੂੰ ਧੋਖੇ ਦਾ ਸੋਨਾ ਕਿਹਾ ਜਾਂਦਾ ਹੈ, ਅਸਲੀ ਸੋਨੇ ਵਾਂਗ ਚਮਕਦਾ ਹੈ। ਪਰ, ਤੁਸੀਂ ਦੋਵਾਂ ਨੂੰ ਇਕੱਠਾ ਰੱਖੋ...ਤੁਸੀਂ ਉਹਨਾਂ ਨੂੰ ਇੱਕ ਪਾਸੇ ਰੱਖੋ, ਤੁਸੀਂ ਸ਼ਾਇਦ ਹੀ ਉਹਨਾਂ ਵਿੱਚ ਫਰਕ ਦੱਸ ਸਕੋ, ਪਰ ਉਹਨਾਂ ਨੂੰ ਇਕੱਠੇ ਰੱਖੋ, ਤੁਸੀਂ ਇਹ ਦੱਸ ਸਕਦੇ ਹੋ। ਅਤੇ ਕੁੱਟਣ ਵਾਲੇ ਨੂੰ ਹਮੇਸ਼ਾਂ ਉਦੋਂ ਤੱਕ ਕੁੱਟਣਾ ਪੈਂਦਾ ਹੈ ਜਦੋਂ ਤੱਕ ਉਹ—ਉਹ ਆਪਣੀ ਸੂਰਤ ਨੂੰ ਸੋਨੇ ਵਿੱਚ ਝਲਕਦੀ ਹੋਈ ਨਹੀਂ ਦੇਖ ਲੈਂਦਾ।

81 ਅਤੇ ਹਰੇਕ ਕੰਮ ਜੋ ਪਰਮੇਸ਼ੁਰ ਕਰਦਾ ਹੈ ਉਸ ਲਈ ਉਹ ਇੱਕ ਸਮਾਂ ਨਿਰਧਾਰਤ ਕਰਦਾ ਹੈ ਅਤੇ ਉਸ ਪਿੱਛੇ ਇੱਕ ਉਦੇਸ਼ ਹੁੰਦਾ ਹੈ। ਜੋ ਪ੍ਰਭੂ ਨੂੰ ਪ੍ਰੇਮ ਕਰਦੇ ਹਨ ਅਤੇ ਉਸ ਦੇ ਸੱਦੇ ਅਨੁਸਾਰ ਬੁਲਾਏ ਜਾਂਦੇ ਹਨ, ਉਨ੍ਹਾਂ ਨਾਲ ਅਚਾਨਕ ਕੁਝ ਨਹੀਂ ਵਾਪਰਦਾ। ਸਮਝੇ? ਅਸੀਂ ਪਹਿਲਾਂ ਤੋਂ ਠਹਿਰਾਏ ਗਏ

ਹਾਂ। ਅਤੇ ਹਰੇਕ ਚੀਜ ਉਸ ਲਈ ਸਹੀ ਕੰਮ ਕਰਦਾ ਹੈ, ਕਿਉਂਕਿ ਉਹ ਝੂਠ ਨਹੀਂ ਬੋਲ ਸਕਦਾ। ਅਤੇ ਉਸਨੇ ਕਿਹਾ ਕਿ ਇਹ ਅਜਿਹਾ ਸੀ, ਕਿ ਹਰੇਕ ਚੀਜ਼ ਦਾ ਆਪਣਾ ਸਮਾਂ, ਆਪਣਾ ਮੌਸਮ, ਅਤੇ ਇਸਦਾ ਆਪਣਾ ਤਰੀਕਾ ਹੁੰਦਾ ਹੈ। ਅਤੇ ਹਰੇਕ ਚਾਲ ਪਿੱਛੇ ਪਰਮੇਸ਼ੁਰ ਹੈ। ਅਤੇ ਕਈ ਵਾਰ ਤੁਸੀਂ ਸੋਚਦੇ ਹੋ ਕਿ ਸਭ ਕੁਝ ਗਲਤ ਹੋ ਰਿਹਾ ਹੈ। ਇਹ ਸਾਡੇ ਤੇ ਨਿਰਭਰ ਕਰਦਾ ਹੈ। ਉਹ ਚੀਜ਼ਾਂ ਸਾਡੇ ਉੱਤੇ ਪਾਈਆਂ ਜਾਂਦੀਆਂ ਹਨ, ਅਜ਼ਮਾਇਸ਼ਾਂ ਅਤੇ ਹੈਰਾਨੀਆਂ। ਇਹ ਪਰਖ ਹੁੰਦੀ ਹੈ, ਇਹ ਦੇਖਣ ਲਈ ਕਿ ਅਸੀਂ ਕਿਸੇ ਕਾਰਵਾਈ ਤੇ ਕਿਵੇਂ ਪ੍ਰਤੀਕਿਰਿਆ ਕਰਾਂਗੇ।

82 ਕੁਝ ਸਮਾਂ ਪਹਿਲਾਂ, ਵਰਮੌਂਟ ਵਿੱਚ, ਭਾਈ ਫਰੈਡ ਅਤੇ ਮੈਂ ਨਿਊਯਾਰਕ ਵਾਲੇ ਪਾਸੇ ਗਏ ਸੀ, ਚੈਂਪਲੇਨ ਝੀਲ ਦੇ ਪਾਰ, ਅਤੇ ਅਸੀਂ ਨਿਊਯਾਰਕ ਵਾਲੇ ਪਾਸੇ ਆ ਗਏ ਸੀ। ਅਤੇ ਮੈਂ ਉਸ ਪਹਾੜ ਉੱਤੇ ਗਿਆ ਜਿੱਥੇ, ਹੁਰੀਕੇਨ ਪਹਾੜ ਉੱਤੇ, ਜਿੱਥੇ ਮੈਂ ਸ਼ਿਕਾਰ ਕਰਦਾ ਹੁੰਦਾ ਸੀ। ਅਤੇ ਉੱਥੇ ਮੈਨੂੰ ਯਾਦ ਹੈ ਜਦੋਂ ਮੈਂ ਗੁਆਚ ਗਿਆ ਸੀ, ਅਤੇ ਕਿਵੇਂ ਪਰਮੇਸ਼ੁਰ ਮੈਨੂੰ ਇੱਕ ਤੂਫਾਨ ਦੇ ਵਿੱਚੋਂ, ਸਿਰਫ਼ ਪਵਿੱਤਰ ਆਤਮਾ ਦੁਆਰਾ, ਵਾਪਸ ਲਿਆਇਆ ਸੀ। ਕਿ, ਮੈਂ ਮਰ ਗਿਆ ਹੁੰਦਾ, ਮਰ ਜਾਣਾ ਸੀ, ਅਤੇ ਮੇਰੀ ਪਤਨੀ ਅਤੇ ਬਿਲੀ ਵੀ, ਜੋ ਹੇਠਾਂ ਮੀਲ ਦੂਰ ਛੋਟੇ ਜਿਹੇ ਕੈਂਪ ਵਿੱਚ ਸਨ। ਅਤੇ ਮੈਂ ਪਿਛਾਂਹ ਨੂੰ ਮੁੜ ਗਿਆ ਸੀ।

83 ਅਤੇ ਉੱਥੇ ਥੋੜੀ ਜਿਹੀ ਬਰਫ਼ ਸੀ ਜਿਸ ਵਿੱਚੋਂ ਅਸੀਂ ਨਿਕਲ ਕੇ ਆਏ ਸੀ, ਤਾਂ ਜੋ ਅਸੀਂ ਬਸੰਤ ਰੁੱਤ ਦੀ ਸ਼ੁਰੂਆਤ ਵਿੱਚ, ਕੈਂਪ ਵਿੱਚ ਜਾ ਸਕੀਏ। ਅਤੇ ਮੈਂ ਉੱਥੇ ਖੜ੍ਹਾ ਭਾਈ ਫਰੈਡ ਨਾਲ ਗੱਲ ਕਰ ਰਿਹਾ ਸੀ, ਅਤੇ ਪਵਿੱਤਰ ਆਤਮਾ ਨੇ ਕਿਹਾ, “ਤੂੰ ਉੱਥੋਂ ਬਾਹਰ ਜਾ।” ਅਤੇ ਮੈਂ ਥੋੜ੍ਹੀ ਦੇਰ ਬਾਅਦ ਝਾੜੀ ਵਿੱਚ ਚਲਾ ਗਿਆ, ਉਸ ਜਗ੍ਹਾ ਤੇ। ਉਸ ਨੇ ਮੈਨੂੰ ਦੱਸਿਆ, “ਤੇਰੇ ਲਈ ਇੱਕ ਜਾਲ ਵਿਛਾਇਆ ਗਿਆ ਹੈ। ਹੁਣ ਸਾਵਧਾਨ ਰਹੀਂ।” ਪਰ ਉਸਨੇ ਮੈਨੂੰ ਨਹੀਂ ਦੱਸਿਆ ਕਿ ਇਹ ਕਿਵੇਂ ਅਤੇ ਕੀ ਹੋਵੇਗਾ। ਮੈਂ ਵਾਪਸ ਆ ਕੇ ਭਾਈ ਫਰੈਡ ਨੂੰ ਦੱਸਿਆ।

84 ਉਸ ਰਾਤ ਕਲੀਸਿਯਾ ਦੇ ਭਵਨ ਵਿਚ ਗਿਆ, ਲੋਕਾਂ ਅੱਗੇ ਇਸ ਦਾ ਐਲਾਨ ਕੀਤਾ। ਅਤੇ ਅਗਲੀ ਰਾਤ ਇਹ ਵਾਪਰਿਆ। ਅਤੇ ਫਿਰ ਮੈਂ ਉੱਥੇ ਖੜਾ ਸੀ ਜਦੋਂ ਉਸਨੇ ਮੈਨੂੰ ਦੱਸਿਆ, ਕੁਝ ਮਖੌਲ ਕਰਨ ਵਾਲਿਆਂ ਬਾਰੇ, ਉਸਨੇ ਕਿਹਾ, “ਇਹ ਤੇਰੇ ਹੱਥਾਂ ਵਿੱਚ ਹੈ। ਉਹਨਾਂ ਨਾਲ ਜੋ ਵੀ ਕਰ। ਜੋ ਤੂੰ ਕਹੇਂਗਾ, ਇਸੇ ਵੇਲੇ ਉਹੀ ਹੋ ਜਾਵੇਗਾ।”

85 ਉਥੇ ਤੁਸੀਂ ਹੋ। ਜਿੱਥੇ, ਕੋਈ ਅਪਮਾਨਜਨਕ, ਅਧਰਮੀ, ਅਤੇ ਉਹ ਸਭਾ ਵਿੱਚ ਮਜ਼ਾਕ ਕਰ ਰਹੇ ਸਨ ਅਤੇ ਅਨਾਦਰ ਕਰ ਰਹੇ ਸਨ, ਇੱਕ ਨੌਜਵਾਨ

ਆਦਮੀ ਅਤੇ ਇੱਕ ਨੌਜਵਾਨ ਲੜਕੀ। ਅਤੇ ਉਹ ਇਮਾਰਤ ਵਿੱਚ ਉਸਦੇ ਨਾਲ ਅਸ਼ਲੀਲ ਤਰੀਕੇ ਨਾਲ ਪਿਆਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ; ਅਤੇ ਹਰ ਕਿਸੇ ਦਾ ਧਿਆਨ ਖਿੱਚ ਰਿਹਾ ਸੀ, ਜਦਕਿ ਮੈਂ ਪ੍ਰਚਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਅਤੇ ਉਸਦਾ ਸਿਰ ਪਿੱਛੇ ਖਿੱਚਿਆ ਅਤੇ ਉਸਦੀ ਗੋਦੀ ਵਿੱਚ ਚੜ੍ਹ ਗਿਆ, ਅਤੇ ਉਸਦਾ ਸਿਰ ਪਿੱਛੇ ਨੂੰ ਕਰਕੇ ਅਤੇ ਉਸਨੂੰ ਚੁੰਮਣ ਦੀ ਕੋਸ਼ਿਸ਼ ਕੀਤੀ, ਅਤੇ ਸਭਾ ਵਿੱਚ ਇਸ ਤਰ੍ਹਾਂ ਚੱਲ ਰਿਹਾ ਸੀ, ਧਿਆਨ ਖਿੱਚ ਰਿਹਾ ਸੀ।

86 ਅਤੇ ਪਵਿੱਤਰ ਆਤਮਾ ਨੇ ਕਿਹਾ, "ਹੁਣ ਉਹ…ਉਹ ਤੇਰੇ ਹੱਥਾਂ ਵਿੱਚ ਹਨ। ਤੂੰ ਉਨ੍ਹਾਂ ਨਾਲ ਕੀ ਕਰੇਂਗਾ?"

87 ਉੱਥੇ ਇੱਕ ਪਵਿੱਤਰ ਖਾਮੋਸ਼ੀ ਸੀ। ਹਰ ਕੋਈ ਪੂਰੀ ਤਰ੍ਹਾਂ ਖਾਮੋਸ਼ ਸੀ। ਅਤੇ ਮੈਂ ਸੋਚਿਆ, "ਹੇ ਪਰਮੇਸ਼ੁਰ, ਮੈਨੂੰ ਕੀ ਕਰਨਾ ਚਾਹੀਦਾ ਹੈ?"

88 ਫਿਰ ਮੈਨੂੰ ਯਾਦ ਆਇਆ, ਕੀ ਇਹ ਪਵਿੱਤਰ ਆਤਮਾ ਦੀ ਚੇਤਾਵਨੀ ਨਹੀਂ ਸੀ, ਜੋ ਦੋ ਦਿਨ ਪਹਿਲਾਂ ਆਈ ਸੀ। ਮੈਂ ਕਿਹਾ, "ਮੈਂ ਤੁਹਾਨੂੰ ਮਾਫ਼ ਕਰਦਾ ਹਾਂ।" ਹੁਣ, ਇਹ ਉਹੀ ਸੀ, ਜੋ ਉਹ ਚਾਹੁੰਦਾ ਸੀ ਕਿ ਮੈਂ ਕਹਾਂ। ਸਮਝੇ?

89 ਕਿਉਂਕਿ, ਆਖ਼ਰਕਾਰ, ਮੈਂ—ਮੈਂ ਦੋਸ਼ੀ ਠਹਿਰਦਾ, ਸ਼ਾਇਦ ਉਸ ਲਈ ਨਹੀਂ, ਪਰ ਦੋਸ਼ੀ ਹਾਂ। "ਅਤੇ ਜਿਹੜਾ ਇੱਕ ਇੱਕ ਗੱਲ ਵਿੱਚ ਭੁੱਲ ਜਾਵੇ ਉਹ ਸਭਨਾਂ ਵਿੱਚ ਦੋਸ਼ੀ ਹੋਇਆ।"

90 ਇਸ ਲਈ ਮੈਂ ਕਿਹਾ, "ਮੈਂ ਤੁਹਾਨੂੰ ਮਾਫ ਕੀਤਾ।" ਅਤੇ ਹੁਣ ਇੱਥੇ ਗਵਾਹ ਬੈਠੇ ਹੋਏ ਹਨ, ਜਿਹੜੇ ਉਦੋਂ ਉੱਥੇ ਸਨ। ਫਿਰ ਪਵਿੱਤਰ ਆਤਮਾ ਉਤਰ ਆਇਆ।

91 ਹੁਣ, ਤੁਸੀਂ ਦੇਖੋ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹਨਾਂ ਸਾਰੀਆਂ ਚੀਜ਼ਾਂ ਦਾ ਇੱਕ ਅਰਥ ਸੀ। ਤੁਸੀਂ ਉਸ ਸਮਰੱਥ ਨਾਲ ਕੀ ਕਰੋਗੇ? ਤੁਸੀਂ, ਵੇਖੋ, ਇੱਕ ਹਰਕਤ ਦੀ ਪ੍ਰਤੀਕ੍ਰਿਆ ਕਿਵੇਂ ਦਿਓਗੇ? ਕੋਈ ਚੀਜ਼ ਜੋ ਇੱਕ ਕਿਰਿਆ ਵਜੋਂ ਆਉਂਦੀ ਹੈ, ਤਾਂ ਤੁਸੀਂ ਉਸ ਕਿਰਿਆ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦੇ ਹੋ? ਕੀ ਤੁਸੀਂ ਸਮਝ ਰਹੇ ਹੋ ਕਿ ਮੇਰਾ ਕੀ ਮਤਲਬ ਹੈ? ਤੁਸੀਂ ਕੀ ਕਰੋਗੇ? ਅਤੇ ਹੋ ਸਕਦਾ ਹੈ ਕਿ ਇਹ ਸਭ ਉਸ ਥਾਂ ਤੱਕ ਕੰਮ ਕਰ ਗਿਆ ਹੈ ਜਿੱਥੇ ਅਸੀਂ ਹੁਣ ਹਾਂ। ਮੈਨੂੰ ਨਹੀਂ ਪਤਾ। ਮੈਂ—ਮੈਂ ਬੱਸ ਨਹੀਂ ਕਹਿ ਸਕਦਾ। ਪਰ ਹਮੇਸ਼ਾ ਕੋਈ ਨਾ ਕੋਈ ਤਰੀਕਾ ਹੁੰਦਾ ਹੈ…

92 ਅਤੇ ਯਾਦ ਰੱਖੋ, ਵਚਨ ਦੀ—ਦੀ ਨਿੰਦਾ…ਵਚਨ ਦੇ ਕਾਰਨ ਹਮੇਸ਼ਾ ਹੀ ਨਿੰਦਾ ਸਹੀ ਗਈ ਹੈ। ਸਾਰੇ ਯੁੱਗਾਂ ਦੌਰਾਨ, ਪਰਮੇਸ਼ੁਰ ਦੇ ਮਸਹ ਕੀਤੇ ਹੋਏ ਵਚਨ ਦੀ ਹਮੇਸ਼ਾ ਨਿੰਦਾ ਕੀਤੀ ਗਈ ਹੈ। ਅਤੇ ਇਹੀ ਕਾਰਨ ਹੈ ਕਿ ਇਹ

ਉਹਨਾਂ ਲੋਕਾਂ ਲਈ ਬਹੁਤ ਔਖਾ ਹੈ ਜੋ ਨਹੀਂ ਸਮਝਦੇ, ਉਹਨਾਂ ਲਈ ਇਹ ਜਾਣਨਾ ਕਿ ਉਸ ਨਿੰਦਾ ਨੂੰ ਕਿਵੇਂ ਸਵੀਕਾਰ ਕਰਨਾ ਹੈ।

93 ਕੀ ਤੁਸੀਂ ਯਾਦ ਕਰ ਸਕਦੇ ਹੋ ਜਦੋਂ ਚੇਲੇ ਵਾਪਸ ਆ ਰਹੇ ਸਨ ਅਤੇ ਅਨੰਦ ਹੋ ਰਹੇ ਸਨ ਕਿਉਂਕਿ ਉਨ੍ਹਾਂ ਨੇ ਸੋਚਿਆ ਕਿ ਉਹ ਉਸਦੇ ਨਾਮ ਦੇ ਲਈ ਨਿੰਦਾ ਸਹਿਣ ਦੇ ਯੋਗ ਗਿਣੇ ਗਏ ਸਨ? ਉਸ ਨੇ ਕਿਹਾ, "ਸੱਭੇ ਜਿੰਨੇ ਮਸੀਹ ਯਿਸੂ ਵਿੱਚ ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ," ਵਚਨ ਦੇ ਕਾਰਨ ਨਿੰਦਾ।

94 ਤੁਹਾਨੂੰ ਹਮੇਸ਼ਾ ਇਸ ਨਿੰਦਾ ਦੇ ਲਈ ਖੜੇ ਰਹਿਣਾ ਪਵੇਗਾ, ਜੋ ਤੁਹਾਨੂੰ ਪਰਖਣ ਲਈ ਆਉਂਦੀ ਹੈ, ਤਾਂ ਜੋ ਦੇਖੇ। ਹਰ ਇੱਕ ਆਦਮੀ ਜੋ ਮਸੀਹ ਕੋਲ ਆਉਂਦਾ ਹੈ, ਉਸਨੂੰ ਪਹਿਲਾਂ ਬੱਚੇ ਵਾਂਗ ਸਿਖਾਇਆ ਜਾਣਾ ਚਾਹੀਦਾ ਹੈ, ਉਸ—ਉਸ ਮਕਸਦ ਲਈ ਜਿਸ ਲਈ ਪਰਮੇਸ਼ੁਰ ਨੇ ਤੁਹਾਨੂੰ ਨਿਯੁਕਤ ਕੀਤਾ ਹੈ। ਅਤੇ ਯਾਦ ਰੱਖੋ, ਜੇ ਤੁਸੀਂ ਬਸ ਚੁੱਪ ਰਹਿ ਸਕਦੇ ਹੋ ਤਾਂ! ਯਾਦ ਰੱਖੋ, ਜੇ ਉਸਨੇ ਤੁਹਾਨੂੰ ਇਸ ਲਈ ਬੁਲਾਇਆ ਹੈ, ਤਾਂ ਅਜਿਹਾ ਕੁਝ ਵੀ ਨਹੀਂ ਹੈ ਜੋ ਇਸਨੂੰ ਵਾਪਰਨ ਤੋਂ ਰੋਕ ਸਕਦਾ ਹੈ। ਨਰਕ ਵਿੱਚ ਇੰਨੇ ਸ਼ੈਤਾਨ ਨਹੀਂ ਹਨ, ਪਰ ਜੋ ਪਰਮੇਸ਼ੁਰ ਦਾ ਬਚਨ ਹੈ ਉਹੀ ਪ੍ਰਗਟ ਕੀਤਾ ਜਾਵੇਗਾ। ਤੁਸੀਂ ਇੱਕ ਮਕਸਦ ਲਈ ਜਨਮ ਲਿਆ ਹੈ, ਅਤੇ ਕੋਈ ਵੀ ਤੁਹਾਡੀ ਜਗ੍ਹਾ ਨਹੀਂ ਲੈ ਸਕਦਾ। ਤੁਹਾਡੇ ਕੋਲ ਨਕਲ ਕਰਨ ਵਾਲੇ ਅਤੇ ਹੋਰ ਸਭ ਕੁਝ ਹੋ ਸਕਦਾ ਹੈ, ਪਰ ਉਹ ਕਦੇ ਵੀ ਤੁਹਾਡੀ ਜਗ੍ਹਾ ਨਹੀਂ ਲੈਣਗੇ। ਠੀਕ। ਪਰਮੇਸ਼ੁਰ ਦੇ ਬਚਨ ਦੀ ਜਿੱਤ ਹੋਵੇਗੀ। ਇਹ ਅਸਫਲ ਨਹੀਂ ਹੋ ਸਕਦਾ। ਇੱਥੇ ਹੀ ਹਰੇਕ ਮਸੀਹੀ ਨੂੰ ਖੜਾ ਹੋਣਾ ਚਾਹੀਦਾ ਹੈ, ਉਹ-ਉਹ ਜਾਣਦੇ ਹੋਏ। ਅਤੇ ਅਜ਼ਮਾਇਸ਼ਾਂ ਆਉਣਗੀਆਂ, ਅਤੇ ਤੁਹਾਨੂੰ ਹਰ ਪਾਸੇ ਦਿਖਾਈ ਦੇਣਗੀਆਂ। ਪਰ ਯਾਦ ਰੱਖੋ, ਪਰਮੇਸ਼ੁਰ ਦਾ ਇੱਕ ਮਕਸਦ ਹੈ, ਅਤੇ ਇਹ ਪੂਰੀ ਤਰ੍ਹਾਂ ਨਾਲ ਕੰਮ ਕਰੇਗਾ।

95 ਚਲੋ ਹੁਣ ਕੁਝ—ਕੁਝ ਘਟਨਾਵਾਂ ਨੂੰ ਯਾਦ ਕਰਦੇ ਜਿਨ੍ਹਾਂ ਵਿੱਚ ਪਰਮੇਸ਼ੁਰ ਦਾ ਵਚਨ ਪੂਰਾ ਹੋਇਆ, ਅਤੇ ਜਿਨ੍ਹਾਂ ਨੇ ਆਪਣੇ ਯੁੱਗ ਵਿੱਚ ਵਚਨ ਨੂੰ ਫੜੀ ਰੱਖਿਆ।

96 ਜਿਆਦਾ ਸਮਾਂ ਨਹੀਂ ਹੋਇਆ, ਮੈਂ—ਮੈਂ ਆਤਮਾ ਵਿੱਚ ਮਹਿਸੂਸ ਕੀਤਾ, ਕੋਈ ਮੇਰੀ ਨਿੰਦਾ ਕਰ ਰਿਹਾ ਸੀ। ਹੋ ਸਕਦਾ ਹੈ ਕਿ ਇਹ ਟੇਪ ਸੁਣਨ ਵਾਲੇ ਲੋਕ ਹੋਣ। ਹਮੇਸ਼ਾ ਇੰਨੇ ਜ਼ਿਆਦਾ ਹਵਾਲੇ ਦੇਣ ਲਈ, ਮੈਂ ਜਿਸ ਬਾਰੇ ਦੱਸ ਰਿਹਾ ਹੁੰਦਾ ਹਾਂ ਉਸ ਲਈ ਪਿਛਾਂਹ ਜਾ ਕੇ ਬਾਈਬਲ ਦੇ ਪਾਤਰਾਂ ਬਾਰੇ ਦੱਸਣ ਲਈ। ਖੈਰ, ਮੈਂ ਇਹ ਇੱਕ ਮਕਸਦ ਲਈ ਕਰਦਾ ਹਾਂ। ਬਾਈਬਲ ਕਹਿੰਦੀ ਹੈ ਕਿ ਇਹ ਗੱਲਾਂ ਲਿਖੀਆਂ ਗਈਆਂ ਹਨ ਤਾਂ ਜੋ ਅਸੀਂ ਉਨ੍ਹਾਂ ਨੂੰ ਦੇਖੀਏ। ਅਤੇ

ਇਹ ਇੱਕੋ ਇੱਕ ਤਰੀਕਾ ਹੈ, ਬਿਨਾਂ ਸਿੱਖਿਆ ਦੇ, ਇੱਕੋ ਇੱਕ ਤਰੀਕਾ ਹੈ ਜੋ ਮੈਂ ਕਰ ਸਕਦਾ ਹਾਂ, ਪਿਛਾਂਹ ਦਾ ਹਵਾਲਾ ਦੇਵਾਂ ਅਤੇ ਦਸਾਂ, "ਤੁਸੀਂ ਦੇਖੋ ਕਿ *ਇਹ* ਕਿੱਥੇ ਖੜ੍ਹਾ ਹੈ, ਇਸ ਨਾਲ ਕੀ ਹੋਇਆ ਹੈ, *ਇਹ* ਕਿੱਥੇ ਹੋਇਆ ਹੈ।" ਸਮਝੇ? ਅਤੇ ਫਿਰ ਤੁਸੀਂ ਬਸ ਆਪਣੇ ਆਪ ਨੂੰ ਉੱਥੇ ਰੱਖੋ।

97 ਜਿਆਦਾ ਚਿਰ ਨਹੀਂ ਹੋਇਆ, ਜਿਵੇਂ ਉਸ ਛੋਟੇ ਲੜਕੇ ਬਾਰੇ ਪ੍ਰਚਾਰ ਕਰ ਰਿਹਾ ਸੀ ਜੋ ਜਹਾਜ਼ ਉੱਤੇ ਸੀ, ਤੁਸੀਂ ਜਾਣਦੇ ਹੋ, ਅਤੇ—ਅਤੇ ਬੁੱਢਾ ਕਪਤਾਨ ਮਰ ਰਿਹਾ ਸੀ। ਉਹ ਬਿਮਾਰ ਸੀ। ਅਤੇ ਉਸਨੇ ਪੁੱਛਿਆ ਕਿ ਕੀ ਜਹਾਜ ਉੱਤੇ ਕੋਈ ਬਾਈਬਲ ਨਹੀਂ ਹੈ। ਅਤੇ ਉਨ੍ਹਾਂ ਨੇ ਉਸ ਛੋਟੇ ਮੁੰਡੇ ਨੂੰ ਲਿਆ ਜਿਸ ਕੋਲ ਬਾਈਬਲ ਸੀ, ਅਤੇ ਉਸਨੇ ਆ ਕੇ ਯਸਾਯਾਹ 53:5 ਪੜ੍ਹਿਆ। "ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ।" ਅਤੇ ਉਸਨੇ ਕਿਹਾ, "ਚਲੋ…ਮੈਂ ਤੁਹਾਨੂੰ ਦੱਸਾਂ, ਕਪਤਾਨ, ਮੇਰੀ ਮਾਂ ਇਸਨੂੰ ਕਿਵੇਂ ਪੜ੍ਹਦੀ ਹੁੰਦੀ ਸੀ।" ਉਸ ਨੇ ਕਿਹਾ, "ਉਸ ਇਸ ਨੂੰ ਇਸ ਤਰ੍ਹਾਂ ਪੜ੍ਹਦੀ ਸੀ: 'ਉਹ ਵਿਲੀ ਪ੍ਰੂਟ ਦੇ ਅਪਰਾਧਾਂ ਲਈ ਘਾਇਲ ਕੀਤਾ ਗਿਆ। ਵਿਲੀ ਪ੍ਰੂਟ ਲਈ ਉਸ ਉੱਤੇ ਤਾੜਨਾ ਹੋਈ। ਅਤੇ ਇਹ ਸਭ ਕੁਝ ਜੋ ਉਸਨੇ ਕੀਤਾ ਸੀ, ਵਿਲੀ ਪ੍ਰੂਟ ਲਈ ਸੀ।'" ਇਹ ਉਸ ਲੜਕੇ ਦਾ ਨਾਮ ਸੀ।

ਬੁੱਢੇ ਕਪਤਾਨ ਨੇ ਕਿਹਾ, "ਮੈਨੂੰ ਇਹ ਪਸੰਦ ਹੈ। ਕੀ ਤੁਸੀਂ ਇਸ ਵਿੱਚ ਮੇਰਾ ਨਾਮ ਪੜ੍ਹ ਸਕਦੇ ਹੋ?"

98 ਉਸ ਨੇ ਕਿਹਾ, "ਮੈਂ ਕੋਸ਼ਿਸ਼ ਕਰਾਂਗਾ।" ਅਤੇ ਉਸਨੇ ਕਿਹਾ, "ਉਹ ਜੌਨ ਕੁਆਰਟਜ਼ ਦੇ ਅਪਰਾਧਾਂ ਲਈ ਘਾਇਲ ਕੀਤਾ ਗਿਆ। ਉਸ ਨੂੰ ਜੌਨ ਕੁਆਰਟਜ਼ ਦੀ ਬਦੀਆਂ ਦੇ ਕਾਰਨ ਕੁਚਲਿਆ ਗਿਆ। ਅਤੇ ਉਸ ਦੇ ਮਾਰ ਖਾਣ ਤੋਂ ਜੌਨ ਕੁਆਰਟਜ਼ ਨੂੰ ਚੰਗਾ ਕੀਤਾ ਗਿਆ।"

ਉਸ ਨੇ ਕਿਹਾ, "ਮੈਂ ਇਸ ਨੂੰ ਵੇਖਦਾ ਹਾਂ।" ਅਤੇ ਪ੍ਰਭੂ ਨੇ ਉਸਨੂੰ ਚੰਗਾ ਕੀਤਾ। ਵੇਖਿਆ?

99 ਇਸ ਵਿੱਚ ਆਪਣਾ ਨਾਮ ਪੜ੍ਹੋ। ਉਹ ਵਿਲੀਅਮ ਬ੍ਰਨਹਾਮ ਦੇ ਅਪਰਾਧਾਂ ਲਈ ਘਾਇਲ ਕੀਤਾ ਗਿਆ। ਉਸ ਨੂੰ ਵਿਲੀਅਮ ਬ੍ਰਨਹਾਮ ਦੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ। ਉਸਨੇ ਮੇਰੇ ਲਈ ਇਹ ਕੀਤਾ, ਅਤੇ ਉਸਨੇ ਤੁਹਾਡੇ ਲਈ ਇਹ ਕੀਤਾ। ਇਸ ਵਿੱਚ ਆਪਣਾ ਨਾਮ ਪੜ੍ਹੋ।

100 ਖੈਰ, ਇਹ ਉਹ ਤਰੀਕਾ ਹੈ ਜਿਸ ਨਾਲ ਮੈਂ ਵਚਨ ਨੂੰ ਮੇਰੇ—ਮੇਰੇ ਲੋਕਾਂ ਕੋਲ ਲਿਆਉਣਾ ਪਸੰਦ ਕਰਦਾ ਹਾਂ, ਇਹ ਉਹ ਹੈ ਜੋ ਉਸਨੇ ਕਿਸੇ ਹੋਰ ਲਈ ਕੀਤਾ ਹੈ ਜੋ ਉਸਦੀ ਆਗਿਆ ਮੰਨਦਾ ਹੈ। ਜੋ ਉਸਨੇ ਕਿਸੇ ਹੋਰ ਲਈ ਕੀਤਾ ਜੋ ਉਸਦੇ ਮਕਸਦ ਪ੍ਰਤੀ ਵਫ਼ਾਦਾਰ ਸੀ, ਅਤੇ ਜੋ ਉਸਨੇ ਕਿਸੇ ਹੋਰ ਲਈ ਕੀਤਾ

ਜੋ ਉਸਦੇ ਮਕਸਦ ਪ੍ਰਤੀ ਵਫ਼ਾਦਾਰ ਨਹੀਂ ਸੀ, ਫਿਰ ਤੁਸੀਂ ਇਸ ਵਿੱਚ ਆਪਣਾ ਨਾਮ ਪੜ੍ਹੋ। ਜੇ ਤੁਸੀਂ ਉੱਥੇ ਹੁੰਦੇ, ਤਾਂ ਤੁਸੀਂ ਕਿਹਦੇ ਵੱਲ ਖੜੇ ਹੁੰਦੇ? ਅਤੇ ਯਾਦ ਰੱਖੋ, ਤੁਹਾਨੂੰ ਅੱਜ ਵੀ, ਉਸੇ ਤਰ੍ਹਾਂ ਖੜੇ ਹੋਣ ਦਾ ਮੌਕਾ ਮਿਲਿਆ ਹੈ।

101 ਜਦ, ਨੂਹ ਨੇ, ਉਸ ਵਚਨ ਦੇ ਲਈ ਨਿੰਦਾ ਸਹੀ, ਜੋ ਪਰਮੇਸ਼ੁਰ ਨੇ ਉਸ ਨਾਲ ਗੱਲ ਕੀਤੀ ਸੀ। ਨੂਹ, ਉੱਥੇ ਇੱਕ ਨਿੰਦਾ ਸੀ। ਨੂਹ ਇੱਕ ਵਿਗਿਆਨਕ ਯੁੱਗ ਵਿੱਚ ਰਹਿੰਦਾ ਸੀ, ਜਿੱਥੇ ਅਜਿਹੀਆਂ ਵਿਗਿਆਨਕ ਪ੍ਰਾਪਤੀਆਂ ਸਨ ਕਿ ਉਹ ਨਿਰਮਾਣ ਕਰਨ ਦੇ ਯੋਗ ਸਨ, ਉਹ ਕਿਸੇ ਵੀ ਚੀਜ਼ ਤੋਂ ਉੱਪਰ ਸਨ ਜੋ ਅਸੀਂ ਅੱਜ ਨਿਰਮਿਤ ਕੀਤਾ ਹੈ। ਉਹ ਤੇਜ, ਵਧੇਰੇ ਬੁੱਧੀਮਾਨ ਸਨ। ਉਨ੍ਹਾਂ ਦਾ ਵਿਗਿਆਨ ਸਾਡੇ ਨਾਲੋਂ ਬਹੁਤ ਉੱਨਤ ਸੀ। ਅਤੇ ਬਸ ਯਾਦ ਰੱਖੋ, ਉਸਨੂੰ ਉਸ ਬਚਨ ਦੇ ਕਰਨ ਨਿੰਦਾ ਦਾ ਸਾਹਮਣਾ ਕਰਨਾ ਪਿਆ ਜਿਸਦਾ ਉਸਨੇ ਪ੍ਰਚਾਰ ਕੀਤਾ ਸੀ, ਇੱਕ ਸੌ ਅਤੇ ਵੀਹ ਸਾਲ, ਮਖੌਲ ਕਰਨ ਵਾਲਿਆਂ ਦੇ ਸਾਹਮਣੇ। ਉਨ੍ਹਾਂ ਦੀਆਂ ਮਹਾਨ ਵਿਗਿਆਨਕ ਤਕਨੀਕਾਂ ਨੇ ਉਨ੍ਹਾਂ ਨੂੰ ਸਾਬਤ ਕਰ ਦਿੱਤਾ ਕਿ ਅਸਮਾਨ ਵਿੱਚ ਮੀਂਹ ਨਹੀਂ ਸੀ। ਪਰ, ਫਿਰ ਵੀ, ਨੂਹ ਨੇ ਪ੍ਰਭੂ ਦਾ ਬਚਨ ਸੁਣਿਆ ਸੀ, ਅਤੇ ਇਹ ਇਸ ਬਾਰੇ ਉਹਨਾਂ ਦੀ ਧਾਰਨਾ ਦੇ ਉਲਟ ਸੀ। ਇਸ ਲਈ, ਇਸ ਤੋਂ ਪਹਿਲਾਂ ਕਿ ਉਸਦੀ ਜਾਨ ਬਚਾਈ ਜਾਂਦੀ, ਉਸਨੂੰ ਸਾਹਮਣਾ ਕਰਨਾ ਹੀ ਪੈਣਾ ਸੀ ਅਤੇ ਉਸ ਨਿੰਦਾ ਨੂੰ ਸਹਿਣਾ ਪੈਣਾ ਸੀ ਜਿਸ ਦੁਆਰਾ ਇਹਨਾਂ ਮਖੌਲੀਆਂ ਨੇ ਉਸਦੀ ਨਿੰਦਾ ਕੀਤੀ ਸੀ।

102 ਔਹ, ਇਸ ਵਿੱਚ ਕੋਈ ਸ਼ੱਕ ਨਹੀਂ, ਉਨ੍ਹਾਂ ਨੂੰ ਦੀਨ ਬੁੱਢੇ ਪ੍ਰਚਾਰਕ ਲਈ ਅਫ਼ਸੋਸ ਜ਼ਰੂਰ ਹੋਇਆ ਹੋਵੇਗਾ। ਉਨ੍ਹਾਂ ਨੇ ਉਸਨੂੰ ਹਟਾਇਆ ਨਹੀਂ ਜਾਂ ਕੁਝ ਵੀ ਨਹੀਂ ਕੀਤਾ, ਕਿਉਂਕਿ ਹੋ ਸਕਦਾ ਹੈ ਕਿ ਉਸ ਦਿਨ ਉਸ ਕਿਸਮ ਦੇ ਬਹੁਤ ਸਾਰੇ ਘਰ ਨਹੀਂ ਸਨ। ਉਹ ਹਾਨੀਕਾਰਕ ਨਹੀਂ ਸੀ। ਉਹ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਣ ਵਾਲਾ ਸੀ, ਇਸ ਲਈ ਉਨ੍ਹਾਂ ਨੇ ਉਸਨੂੰ ਇਕੱਲਾ ਛੱਡ ਦਿੱਤਾ। “ਅੱਗੇ ਜਾਓ, ਬੁੱਢਾ ਕੱਟੜਪੰਥੀ ਉਸ ਪਹਾੜੀ ਦੇ ਉੱਪਰ, ਉੱਥੇ ਇੱਕ ਜਹਾਜ਼ ਬਣਾ ਰਿਹਾ ਹੈ ਜਿੱਥੇ ਕੋਈ ਪਾਣੀ ਨਹੀਂ ਹੈ। ਔਹ, ਅੱਛਾ, ਵਿਚਾਰਾ ਬੁੱਢਾ ਬੰਦਾ! ਪਰ,” ਅਤੇ ਕਹਿੰਦੇ ਸਨ, “ਤੂੰ ਪਾਣੀ ਕਿਥੋਂ ਲਿਆਵੇਂਗਾ, ਆਪਣੀ ਕਿਸ਼ਤੀ ਨੂੰ ਤੈਰਾਉਨ ਲਈ, ਨੂਹ?”

“ਇਹ ਅਸਮਾਨ ਤੋਂ ਹੇਠਾਂ ਆ ਰਿਹਾ ਹੈ।”

103 “ਬਕਵਾਸ। ਅਸੀਂ ਰਾਡਾਰ ਨਾਲ, ਚੰਦ ਅਤੇ ਤਾਰਿਆਂ ਦੀ ਤਸਵੀਰ ਖਿੱਚ ਸਕਦੇ ਹਾਂ,” ਜੋ ਵੀ ਉਹਨਾਂ ਕੋਲ ਸੀ। “ਉੱਥੇ ਕੋਈ ਮੀਂਹ ਨਹੀਂ ਹੈ।”

ਪਰ ਉਸਨੇ ਕਿਹਾ, “ਪਰਮੇਸ਼ੁਰ ਨੇ ਕਿਹਾ ਕਿ ਉਹ ਉੱਥੇ ਕੁਝ ਵਰ੍ਹਾਉਣ ਜਾ ਰਿਹਾ ਸੀ।”

"ਉਹ ਇਹ ਕਿਵੇਂ ਕਰਨ ਜਾ ਰਿਹਾ ਹੈ?"

104 "ਇਹ ਉਸਦਾ ਕੰਮ ਹੈ। ਸਿਰਫ ਇੱਕ ਚੀਜ਼ ਜੋ ਮੈਨੂੰ ਕਰਨੀ ਚਾਹੀਦੀ ਹੈ, ਉਹ ਹੈ ਕਿ ਤੁਹਾਨੂੰ ਇੱਥੋਂ ਚਲੇ ਜਾਣ ਲਈ ਚੇਤਾਵਨੀ ਦਿਆਂ।"

105 ਇਹ ਹੁਣ ਲਗਭਗ ਉਸੇ ਤਰ੍ਹਾਂ ਹੈ। "ਅੱਗ ਕਿੱਥੋਂ ਆ ਰਹੀ ਹੈ?" ਭਾਈ, ਇਹ ਨੂਹ ਦੇ ਸਮੇਂ ਨਾਲੋਂ ਅੱਜ ਥੋੜਾ ਜਿਆਦਾ ਸਪੱਸ਼ਟ ਹੈ। ਅਸੀਂ ਪਹਿਲਾਂ ਹੀ ਦੇਖਿਆ ਹੈ ਕਿ ਇਹ ਕਿੱਥੇ ਹੈ। ਇਹ ਤਾਂ ਬੱਸ ਆਉਣ ਲਈ ਤਿਆਰ ਹੈ, ਬੱਸ ਇਹੀ ਹੈ। ਵਿਗਿਆਨ ਨੇ ਪਹਿਲਾਂ ਹੀ...ਇਸ ਵਾਰ ਕੋਈ ਬਹਾਨਾ ਨਹੀਂ ਹੈ, ਬਿਲਕੁਲ ਵੀ ਨਹੀਂ, ਕਿਉਂਕਿ ਵਿਗਿਆਨ ਪਹਿਲਾਂ ਹੀ ਪਤਾ ਕਰ ਚੁੱਕਾ ਹੈ। ਹਾਂ, ਸ਼੍ਰੀਮਾਨ।

106 ਇਸ ਲਈ ਹੁਣ ਸਾਨੂੰ ਪਤਾ ਲੱਗਿਆ ਹੈ ਕਿ ਇਹ ਕਾਫ਼ੀ ਵੱਡੀ ਗੱਲ ਸੀ। ਇਸ ਲਈ ਉਹਨਾਂ ਨੂੰ ਬੁੱਢੇ ਪ੍ਰਚਾਰਕ ਉੱਤੇ ਤਰਸ ਆਇਆ, ਅਤੇ ਉਸਨੂੰ ਜਾਣ ਦਿੱਤਾ। ਇਹ ਇੱਕ ਅਜੀਬ ਗੱਲ ਸੀ, ਸ਼ਾਇਦ, ਉਹਨਾਂ ਲੋਕਾਂ ਲਈ, ਇਹ ਸੋਚਣਾ ਕਿ ਇੱਕ ਆਦਮੀ ਜਿਸਨੂੰ ਬੁੱਧੀਮਾਨ ਹੋਣਾ ਚਾਹੀਦਾ ਸੀ, ਅਤੇ ਵਿਸ਼ਵਾਸ ਕਰੇਗਾ ਕਿ ਪਰਮੇਸ਼ੁਰ, ਅਕਾਸ਼ ਅਤੇ ਧਰਤੀ ਦਾ ਸਿਰਜਣਹਾਰ, ਕੁਝ ਕਰੇਗਾ, ਜਾਂ ਕੁਝ ਅਜਿਹਾ ਕਹੇਗਾ ਜੋ ਉਹ ਕਰਨ ਜਾ ਰਿਹਾ ਸੀ, ਜੋ ਉਹਨਾਂ ਦੀ ਸੋਚ ਦੇ ਉਲਟ ਸੀ, ਜੋ ਉਹਨਾਂ ਕੋਲ ਸੀ। ਸ਼ਾਇਦ ਤੁਸੀਂ ਇਹ ਨਹੀਂ ਸਮਝੇ। ਦੇਖੋ। ਸੀ...ਉਹ ਸੋਚਦੇ ਸਨ ਕਿ ਉਹ ਹਰ ਕੁਦਰਤੀ ਚੀਜ਼ ਨੂੰ ਆਪਣੇ ਵਿਗਿਆਨ ਦੁਆਰਾ ਸਾਬਤ ਕਰ ਸਕਦੇ ਸਨ। ਕੀ ਇਹ ਉਸੇ ਤਰ੍ਹਾਂ ਦਾ ਸੰਸਾਰ ਨਹੀਂ ਹੈ ਜਿਸ ਵਿੱਚ ਅਸੀਂ ਅੱਜ ਰਹਿ ਰਹੇ ਹਾਂ, ਇੱਕ ਬੌਧਿਕ, ਵਿਗਿਆਨ ਨਾਲ ਭਰਪੂਰ ਵਿਦਿਅਕ ਸੰਸਾਰ! ਅਤੇ ਜੋ ਕੁਝ ਵੀ ਉਹ ਸਾਬਤ ਕਰ ਸਕਦੇ ਸਨ, ਉਹ ਗਲਤ ਸੀ, ਪਰਮੇਸ਼ੁਰ ਦਾ..."ਪਰਮੇਸ਼ੁਰ ਕਦੇ ਵੀ ਅਜਿਹਾ ਕੁਝ ਨਹੀਂ ਬੋਲ ਸਕਦਾ (ਸੀ) ਜਿਸ ਨੂੰ ਵਿਗਿਆਨਕ ਤੌਰ ਤੇ ਸਾਬਤ ਕੀਤਾ ਜਾ ਸਕੇ ਕਿ ਇਹ ਉੱਥੇ ਨਹੀਂ ਸੀ।"

107 ਹੁਣ, ਉਨ੍ਹਾਂ ਦਾ ਅੱਜ ਵੀ ਇਹੀ ਵਿਚਾਰ ਹੈ। ਜੇ ਤੁਹਾਡਾ ਡਾਕਟਰ ਕਹਿੰਦਾ ਹੈ ਕਿ ਤੁਹਾਨੂੰ ਕੈਂਸਰ ਹੈ, ਤਾਂ ਤੁਸੀਂ ਮਰਨਾ ਹੀ ਹੈ, ਅਤੇ ਵਿਗਿਆਨ ਸਾਬਤ ਕਰਦਾ ਹੈ ਕਿ ਤੁਹਾਨੂੰ ਕੈਂਸਰ ਹੈ, ਅਤੇ ਇਹ ਆਖਰੀ ਪੜਾਅ ਵਿੱਚ ਹੈ, ਕੁਝ ਵੀ ਵੱਖਰਾ ਸੋਚਣਾ ਮੂਰਖਤਾ ਹੈ, ਕਿਉਂਕਿ ਤੁਸੀਂ ਮਰਨ ਜਾ ਰਹੇ ਹੋ; ਇਹੀ ਸਭ ਹੈ। ਵਿਗਿਆਨ ਕਹਿੰਦਾ ਹੈ ਕਿ ਤੁਸੀਂ ਮਰਨ ਜਾ ਰਹੇ ਹੋ। ਉਨ੍ਹਾਂ ਨੇ ਤੁਹਾਡੀ ਜਾਂਚ ਕੀਤੀ ਹੈ, ਅਤੇ ਇਹੀ ਸਭ ਕੁਝ ਹੈ। ਤੁਸੀਂ ਮਰਨ ਜਾ ਰਹੇ ਹੋ। ਅਤੇ ਉਹ ਸੋਚਦੇ ਹਨ ਕਿ ਇਹ ਮੂਰਖਤਾ ਹੈ ਜੇਕਰ ਤੁਸੀਂ ਇਹ ਕਹਿਣ ਦੀ ਕੋਸ਼ਿਸ਼ ਕਰਦੇ ਹੋ ਕਿ ਪਰਮੇਸ਼ੁਰ ਨੇ ਅਜਿਹਾ ਕਰਨ ਦਾ ਵਾਅਦਾ ਕੀਤਾ ਸੀ। ਦੇਖੋ, ਜਿਵੇਂ ਇਹ

ਸੀ, ਤੁਹਾਨੂੰ ਉਸ ਨਿੰਦਾ ਦਾ ਸਾਹਮਣਾ ਕਰਨਾ ਪਏਗਾ।

108 ਉਹ ਕਹਿੰਦੇ ਹਨ, ਜੇ ਇੱਥੇ ਡਾਕਟਰ ਕਹਿੰਦਾ ਹੈ, "ਅਸੀਂ ਦੇਖਿਆ, ਅਤੇ ਕੈਂਸਰ ਵਧ ਗਿਆ ਹੈ। ਅਸੀਂ ਤੁਹਾਨੂੰ ਖੋਲ੍ਹ ਕੇ ਵੇਖਿਆ ਹੈ। ਇਹ ਤੁਹਾਡੇ ਸਾਰੇ ਸਰੀਰ ਵਿੱਚ ਹੈ, ਅਤੇ ਤੁਹਾਡੇ ਦਿਲ, ਤੁਹਾਡੇ ਫੇਫੜਿਆਂ, ਤੁਹਾਡੇ ਜਿਗਰ ਵਿੱਚ, ਹਰ ਪਾਸੇ ਹੈ। ਇਹ ਅਸੰਭਵ ਹੈ।"

ਇਸ ਲਈ, ਤੁਸੀਂ ਦੇਖਦੇ ਹੋ, ਜਦੋਂ ਤੁਸੀਂ ਕਹਿੰਦੇ ਹੋ, "ਪਰ ਕੁਝ ਵੀ ਹੋਵੇ, ਉਹ ਜਿਉਂਦਾ ਰਹੇਗਾ।"

ਉਹ ਕਹਿਣਗੇ, "ਖੈਰ, ਵਿਚਾਰਾ ਆਦਮੀ, ਉਸਨੂੰ ਇਕੱਲਾ ਛੱਡ ਦਿਓ।"

109 ਮੈਨੂੰ ਉਹ ਰਾਤ ਯਾਦ ਹੈ। ਮਿਲਟਾਊਨ ਚਰਚ ਵਿੱਚ ਬਿਲ ਹਾਲ, ਭਾਈ ਹਾਲ, ਤੁਹਾਡੇ ਵਿੱਚੋਂ ਬਹੁਤਿਆਂ ਨੂੰ ਇਹ ਮਾਮਲਾ ਯਾਦ ਹੈ। ਅਤੇ ਜਦੋਂ ਉਹ… ਉਨ੍ਹਾਂ ਨੇ ਮੈਨੂੰ ਬਾਹਰ ਬੁਲਾਇਆ। ਮੇਰੀ ਪਤਨੀ, ਸੱਸ ਅਤੇ ਮੈਂ, ਇੱਥੇ ਬਾਹਰ ਗਏ ਸੀ। ਉਸਨੇ ਇੱਕ ਲੜਕੀ ਨਾਲ ਵਿਆਹ ਕੀਤਾ ਜੋ ਮੇਰਾ ਮੰਨਣਾ ਹੈ, ਜਾਰਜ ਕਪ ਦੀ ਭੈਣ ਸੀ, ਜੋ ਸ਼ਹਿਰ ਦਾ ਮੇਅਰ ਸੀ, ਜਾਂ ਇੱਥੇ ਜੱਜ ਸੀ। ਉਸਦੀ…ਇਹ ਉਸਦਾ ਜੀਜਾ ਸੀ। ਉਹ ਉਸਨੂੰ ਮਰਨ ਲਈ ਇੱਥੇ ਲਿਆਏ ਸਨ। ਮਿਲਟਾਊਨ ਵਿੱਚ ਡਾਕਟਰ, ਨਿਊ ਅਲਬੇਨੀ ਵਿੱਚ ਡਾਕਟਰ ਨੇ ਉਸ ਦੀ ਬਿਮਾਰੀ ਨੂੰ ਜਿਗਰ ਦਾ ਕੈਂਸਰ ਦੱਸਿਆ ਸੀ। ਇਸ ਲਈ ਮੈਂ ਸ਼੍ਰੀ ਮਤੀ ਹਾਲ ਨੂੰ ਮਿਲਣ ਲਈ ਗਿਆ। ਅਤੇ ਉਸਨੂੰ ਪੀਲੀਆ ਹੋ ਗਿਆ ਸੀ, ਅਤੇ ਉਹ ਸਾਰਾ ਪੀਲਾ ਪੈ ਗਿਆ ਸੀ। ਅਤੇ ਮੈਂ ਕਿਹਾ, "ਖੈਰ, ਮੈਨੂੰ ਲਗਦਾ ਹੈ ਕਿ ਉਹ ਮਰ ਜਾਵੇਗਾ।" ਅਤੇ ਮੈਂ ਕਿਹਾ…

110 ਉਸ ਨੇ ਕਿਹਾ, "ਭਾਈ ਬਿੱਲ, ਕੀ ਕੋਈ ਤਰੀਕਾ ਹੈ ਜਿਸ ਨਾਲ…ਕੀ ਤੁਸੀਂ ਪਰਮੇਸ਼ੁਰ ਤੋਂ ਸੁਣ ਸਕਦੇ ਹੋ?"

ਮੈਂ ਕਿਹਾ, "ਮੈਨੂੰ—ਮੈਨੂੰ ਨਹੀਂ ਪਤਾ, ਭੈਣ ਹਾਲ। ਮੈਂ ਪ੍ਰਾਰਥਨਾ ਕਰ ਸਕਦਾ ਹਾਂ।"

111 ਮੈਂ ਪ੍ਰਾਰਥਨਾ ਕੀਤੀ। ਅਤੇ ਮੈਂ ਘਰ ਵਾਪਸ ਚਲਾ ਗਿਆ, ਅਤੇ ਪ੍ਰਭੂ ਨੇ ਮੈਨੂੰ ਕੁਝ ਨਹੀਂ ਕਿਹਾ। ਫਿਰ ਮੈਂ ਅਗਲੇ ਦਿਨ, ਵਾਪਸ ਗਿਆ, ਅਤੇ ਮੈਂ ਦੁਬਾਰਾ ਪ੍ਰਾਰਥਨਾ ਕੀਤੀ।

ਅਤੇ ਉਸਨੇ ਕਿਹਾ, "ਕੀ ਤੁਸੀਂ ਕਿਸੇ ਚੰਗੇ ਡਾਕਟਰ ਨੂੰ ਜਾਣਦੇ ਹੋ?"

112 ਮੈਂ ਕਿਹਾ, "ਖੈਰ, ਸਾਡੇ ਪਰਿਵਾਰ ਦੇ ਡਾਕਟਰ ਡਾ. ਸੈਮ ਅਡਾਇਰ ਹਨ, ਇੱਥੇ ਜੇਫਰਸਨਵਿਲ ਵਿੱਚ ਹਨ। ਉਹ ਹੈ—ਉਹ ਹੈ—ਉਹ ਹੈ…ਉਸਦੇ ਪਿਤਾ ਸਾਡੇ ਪਰਿਵਾਰ ਦੇ ਡਾਕਟਰ ਸਨ। ਜਵਾਨ ਸੈਮ ਅਤੇ ਮੈਂ ਹਮੇਸ਼ਾ ਜਿਗਰੀ ਦੋਸਤ

ਰਹੇ ਹਾਂ, ਅਤੇ—ਅਤੇ ਅਸੀਂ ਇੱਕੋ ਸਮੇਂ ਸਕੂਲ ਗਏ ਸੀ, ਅਸੀਂ ਇਕੱਠੇ ਜੰਮੇ-ਪਲੇ ਹਾਂ। ਜਦੋਂ ਕੁਝ ਵੀ ਗਲਤ ਹੁੰਦਾ ਹੈ ਤਾਂ ਅਸੀਂ ਹਮੇਸ਼ਾ ਉਸ ਕੋਲ ਜਾਂਦੇ ਹਾਂ।"

ਉਸ ਨੇ ਕਿਹਾ, "ਮੈਂ ਸੋਚਦੀ ਹਾਂ ਕਿ ਕੀ ਉਹ ਬਿੱਲ ਹਾਲ ਨੂੰ ਦੇਖਣ ਲਈ ਆਉਣਗੇ?" ਉਸ ਦੇ ਪਤੀ ਨੂੰ।

ਮੈਂ ਕਿਹਾ, "ਮੈਂ ਉਸਨੂੰ ਪੁੱਛਾਂਗਾ।"

113 ਖੈਰ, ਸੈਮ ਨੇ ਮੈਨੂੰ ਕਿਹਾ, ਉਸਨੇ ਕਿਹਾ, "ਬਿੱਲੀ, ਜੇ ਡਾਕਟਰ ਨੇ ਕਿਹਾ ਕਿ ਉਸਨੂੰ ਕੈਂਸਰ ਹੈ," ਕਿਹਾ, "ਇੱਥੇ ਸਿਰਫ਼ ਇੱਕ ਹੀ ਕੰਮ ਹੈ, ਜੋ ਮੈਂ ਕਰ ਸਕਦਾ ਹਾਂ, ਮੈਂ ਉਸਨੂੰ ਕਿਸੇ ਅਜਿਹੇ ਵਿਅਕਤੀ ਕੋਲ ਭੇਜਾਂਗਾ ਜੋ ਮੇਰੇ ਨਾਲੋਂ ਜ਼ਿਆਦਾ ਹੁਸ਼ਿਆਰ ਹੈ, ਇੱਕ ਮਾਹਰ ਕੋਲ। ਅਤੇ ਅਸੀਂ ਐਕਸ-ਰੇ ਲਵਾਂਗੇ; ਅਤੇ ਅਸੀਂ ਉਸਨੂੰ ਕਿਸੇ ਹੋਰ ਮੁਸੀਬਤ ਵਿੱਚ ਨਹੀਂ ਪਾਵਾਂਗੇ।"

114 ਅਸੀਂ ਉਸ ਨੂੰ ਨਿਊ ਅਲਬਾਨੀ ਵਿੱਚ ਭੇਜਿਆ ਅਤੇ ਉੱਥੋਂ ਡਾਕਟਰ ਤੋਂ ਐਕਸ-ਰੇ ਲਏ। ਉਸਨੂੰ ਲੁਈਸਵਿਲ ਲੈ ਗਏ ਅਤੇ ਉਸਦੀ ਜਾਂਚ ਕੀਤੀ, ਉਸਨੂੰ ਇੱਕ ਐਂਬੂਲੈਂਸ ਵਿੱਚ ਲੈ ਗਏ ਸੀ, ਅਤੇ ਉਸਨੂੰ ਵਾਪਸ ਲੈ ਆਏ।

115 ਖੈਰ, ਬੇਸ਼ੱਕ, ਉਸ ਨੇ ਸ਼੍ਰੀਮਤੀ ਹਾਲ ਨੂੰ ਇਹ ਨਹੀਂ ਦੱਸਿਆ ਕਿ ਉਸਦੀ ਪਰੇਸ਼ਾਨੀ ਕੀ ਸੀ, ਇਸ ਲਈ ਉਸਨੇ ਮੈਨੂੰ ਬੁਲਾਇਆ। ਉਸ ਨੇ ਕਿਹਾ, "ਉਹ ਮਰਨ ਜਾਵੇਗਾ," ਕਿਹਾ, "ਤੁਹਾਡਾ ਪ੍ਰਚਾਰਕ ਦੋਸਤ।" ਉਸ ਨੇ ਕਿਹਾ, "ਲੁਈਸਵਿਲ ਦੇ ਮਾਹਰ ਨੇ ਮੈਨੂੰ ਹੁਣੇ ਟੈਲੀਫੋਨ ਕੀਤਾ ਹੈ, ਅਤੇ ਕਿਹਾ, 'ਡਾਕਟਰਾਂ ਦੁਆਰਾ ਦਿੱਤੀ ਗਈ ਜਾਂਚ—ਵਿੱਚ…ਮਿਲਟਾਊਨ ਵਿੱਚ; ਅਤੇ ਡਾਕਟਰ, ਨਿਊ ਐਲਬਨੀ ਵਿੱਚ; ਸਹੀ ਤਰ੍ਹਾਂ ਨਾਲ ਜਾਂਚ ਕੀਤੀ ਹੈ।'" ਅਤੇ ਕਿਹਾ, "ਇਹ ਜਿਗਰ ਦਾ ਕੈਂਸਰ ਹੈ, ਅਤੇ ਇਹ ਵੱਧ ਗਿਆ ਹੈ। ਅਤੇ, ਬਿਲੀ, ਇਹ ਨਹੀਂ ਹੋ ਸਕਦਾ ਕਿ ਅਸੀਂ ਆਦਮੀ ਦੇ ਜਿਗਰ ਨੂੰ ਨਹੀਂ ਕੱਟ ਦੇਈਏ, ਅਤੇ ਉਹ ਜਿਉਂਦਾ ਰਹੇ।" ਉਸ ਨੇ ਕਿਹਾ, "ਉਹ ਮਰ ਜਾਵੇਗਾ। ਅਤੇ ਜੇ ਉਹ ਇੱਕ ਪ੍ਰਚਾਰਕ ਹੈ, ਤਾਂ ਉਸਨੂੰ ਤਿਆਰ ਰਹਿਣਾ ਚਾਹੀਦਾ ਹੈ।"

116 ਮੈਂ ਕਿਹਾ, "ਸਵਾਲ ਇਹ ਨਹੀਂ ਹੈ। ਪਰ ਉਹ ਲੱਗਭਗ ਪਚਵੰਜਾ ਸਾਲ ਤੋਂ ਵੱਧ ਉਮਰ ਦਾ ਵੀ ਨਹੀਂ ਹੈ, ਇਸ ਲਈ ਉਸ ਕੋਲ ਅਜੇ ਵੀ ਪ੍ਰਚਾਰ ਕਰਨ ਲਈ, ਬਹੁਤ ਸਾਰਾ ਜੀਵਨ ਹੈ।" ਅਤੇ ਮੈਂ ਕਿਹਾ, "ਅੱਛਾ, ਜੇ ਉਹ ਮਰਨ ਜਾ ਰਿਹਾ ਹੈ, ਤਾਂ ਇਸ ਨਾਲ ਮਾਮਲਾ ਖਤਮ ਹੋ ਜਾਂਦਾ ਹੈ। ਤੁਹਾਡਾ ਧੰਨਵਾਦ, ਡਾ. ਸੈਮ।"

117 ਅਤੇ ਮੈਂ ਬਾਹਰ ਗਿਆ ਅਤੇ ਸ਼੍ਰੀਮਤੀ ਹਾਲ ਨੂੰ ਬਾਹਰ ਬੁਲਾਇਆ, ਅਤੇ ਮੈਂ ਉਸਨੂੰ ਦੱਸਿਆ। ਮੈਂ ਕਿਹਾ, "ਸ਼੍ਰੀਮਤੀ ਹਾਲ, ਸੈਮ ਨੇ ਕਿਹਾ ਕਿ ਉੱਥੇ

ਲੁਈਸਵਿਲ ਦੀ ਜਾਂਚ ਉਸੇ ਤਰ੍ਹਾਂ ਸੀ ਜਿਵੇਂ ਇਹ ਨਿਊ ਅਲਬਨੀ ਅਤੇ ਮਿਲਟਾਊਨ ਵਿੱਚ ਸੀ। ਬੰਦਾ ਮਰ ਰਿਹਾ ਹੈ। ਭਾਈ ਹਾਲ ਮਰਨ ਵਾਲਾ ਹੈ। ਅਤੇ ਉਸਨੂੰ ਜਿਗਰ ਵਿੱਚ ਕੈਂਸਰ ਹੋ ਗਿਆ ਹੈ, ਅਤੇ ਇਹ ਵੱਧ ਚੁੱਕਾ ਹੈ।"

118 ਅਤੇ ਇਸ ਲਈ ਉਸ ਨੇ ਰੋਣਾ ਸ਼ੁਰੂ ਕਰ ਦਿੱਤਾ। ਮੈਂ ਪਿੱਛੇ ਮੁੜਿਆ, ਉਸ ਨਾਲ ਪ੍ਰਾਰਥਨਾ ਕੀਤੀ। ਅਤੇ ਉਹ ਆਪਣੇ ਆਪ ਤੋਂ ਇੰਨਾ ਬਾਹਰ ਸੀ, ਤਦ, ਇੱਥੋਂ ਤੱਕ ਉਸਨੂੰ ਇਹ ਵੀ ਪਤਾ ਨਹੀਂ ਸੀ ਕਿ ਮੈਂ ਕਮਰੇ ਵਿੱਚ ਹਾਂ।

119 ਇਸ ਲਈ, ਮੈਂ ਵਾਪਸ ਆਇਆ। ਅਤੇ ਉਨ੍ਹਾਂ ਦਿਨਾਂ ਵਿੱਚ, ਬਹੁਤ ਸਾਰੇ ਲੋਕ ਘਰ ਵਿੱਚ ਆਏ ਹੋਏ ਸਨ। ਸੇਵਾ ਖੇਤਰ ਵਿਚ ਹੋਰ ਕੋਈ ਨਹੀਂ ਸੀ। ਇਹ ਇੰਨਾ ਜ਼ਿਆਦਾ ਦੂਸ਼ਿਤ ਨਹੀਂ ਹੋਇਆ ਸੀ, ਅਤੇ ਲੋਕ ਹਰ ਪਾਸੇ ਤੋਂ ਆ ਰਹੇ ਸਨ।

120 ਮੈਂ ਥੋੜ੍ਹਾ ਆਰਾਮ ਕਰਨਾ ਚਾਹੁੰਦਾ ਸੀ। ਇਸ ਲਈ ਮੈਂ ਅੰਦਰ ਖਿਸਕ ਗਿਆ, ਜਲਦੀ ਉੱਠਿਆ, ਲਗਭਗ ਢਾਈ ਵਜੇ, ਜਾਂ ਤਿੰਨ ਵਜੇ। ਭਾਈ ਵੁੱਡ ਅਜੇ ਰਸਤੇ ਵਿੱਚ ਨਹੀਂ ਆਏ ਸਨ। ਅਤੇ ਮੈਂ ਰਸਤੇ ਵਿੱਚ ਦੇਖਿਆ, ਅਤੇ ਉਥੇ ਕੋਈ ਨਹੀਂ, ਉਥੇ ਕੋਈ ਨਹੀਂ ਸੀ, ਇਸ ਲਈ ਮੈਂ ਆਪਣੀ ਪੁਰਾਣੀ ਟੋਪੀ ਲੈ ਲਈ ਅਤੇ ਨਿੱਜੀ ਕਮਰੇ ਵਿੱਚ ਖਿਸਕ ਗਿਆ, ਅਤੇ ਆਪਣੀ .22 ਬੰਦੂਕ ਲੈ ਲਈ। ਅਤੇ ਮੈਂ ਬਾਹਰ ਜਾ ਕੇ ਗਿਲਹਰੀਆਂ ਦਾ ਸ਼ਿਕਾਰ ਕਰਨ ਜਾ ਰਿਹਾ ਸੀ, ਜਦੋਂ ਤੱਕ ਅੱਠ ਨਹੀਂ ਵੱਜ ਜਾਂਦੇ, ਅਤੇ ਫਿਰ ਕਿਤੇ ਇੱਕ ਦਰੱਖਤ ਕੋਲ ਲੇਟ ਕੇ ਅਤੇ ਆਪਣੇ ਆਪ ਨੂੰ ਥੋੜੀ ਨੀਂਦ ਦੇਣ ਲਈ। ਤੁਸੀਂ ਇਸ ਨੂੰ ਘਰ ਦੇ ਵਿੱਚ ਨਹੀਂ ਕਰ ਸਕਦੇ।

121 ਮੈਂ ਆਪਣੀ ਟੋਪੀ ਪਾਈ ਅਤੇ ਕਮਰੇ ਵਿੱਚੋਂ ਲੰਘਣਾ ਸ਼ੁਰੂ ਕੀਤਾ। ਕੰਧ ਉੱਤੇ ਇੱਕ ਸੇਬ ਲਟਕਿਆ ਹੋਇਆ ਸੀ। ਅਤੇ ਇਹ ਸੀ—ਸਭ ਤੋਂ ਦੂਸ਼ਿਤ ਸੇਬ ਸੀ। ਇਹ ਕੀੜਿਆਂ ਦਾ ਖਾਧਾ ਹੋਇਆ ਸੀ, ਅਤੇ ਇਹ ਗੰਢਦਾਰ ਸੀ, ਅਤੇ ਇਹ ਸਾਰੇ ਪਾਸੇ ਖੁਰਦਰਾ ਸੀ। ਅਤੇ ਮੈਂ ਸੋਚਿਆ, "ਮੇਡਾ ਨੇ ਉਸ ਨੂੰ ਕੰਧ ਤੇ ਕਿਸ ਲਈ ਟੰਗ ਦਿੱਤਾ ਹੈ?"

122 ਅਤੇ ਮੈਂ ਦੇਖਿਆ, ਦੁਬਾਰਾ, ਅਤੇ ਇਹ ਕੰਧ ਤੇ ਨਹੀਂ ਸੀ। ਇਹ ਹਵਾ ਵਿੱਚ ਲਟਕ ਰਿਹਾ ਸੀ। ਮੈਂ ਆਪਣੀ ਪੁਰਾਣੀ ਟੋਪੀ ਨੂੰ ਝਟਕਾ ਦਿੱਤਾ, ਬੰਦੂਕ ਕੋਨੇ ਵਿੱਚ ਰੱਖੀ, ਅਤੇ ਆਪਣੇ ਗੋਡਿਆਂ ਭਾਰ ਡਿੱਗ ਪਿਆ। ਮੈਂ ਕਿਹਾ, "ਪ੍ਰਭੂ, ਤੁਹਾਡੇ ਕੋਲ ਤੁਹਾਡੇ ਸੇਵਕ ਨੂੰ ਦੱਸਣ ਲਈ ਕੀ ਹੈ?"

123 ਹੇਠਾਂ ਇੱਕ ਹੋਰ ਸੇਬ ਆਇਆ, ਫਿਰ ਇੱਕ ਹੋਰ, ਜਦੋਂ ਤਕ ਚਾਰ ਜਾਂ ਪੰਜ ਸੇਬ ਨਾ ਹੋ ਗਏ (ਮੈਂ ਹੁਣ ਭੁੱਲ ਗਿਆ ਕਿ ਇਹ ਕਿਹੜਾ ਸੀ) ਉੱਥੇ ਲਟਕਿਆ ਹੋਇਆ ਸੀ। ਫਿਰ ਇੱਕ ਬਹੁਤ ਵੱਡਾ, ਸੋਹਣਾ ਸੇਬ, ਇਸ ਵਿੱਚ

ਧਾਰੀਆਂ ਸਨ; ਬਸ ਇੱਕ ਬਹੁਤ ਵੱਡਾ, ਸਿਹਤਮੰਦ ਦਿੱਖਣ ਵਾਲਾ ਸੇਬ, ਹੇਠਾਂ ਆਇਆ ਅਤੇ ਉਨ੍ਹਾਂ ਹੋਰ ਖੋਖਲੇ-ਦਿੱਖਣ ਵਾਲੇ ਸੇਬਾਂ ਨੂੰ ਮਿਧ ਦਿੱਤਾ। ਅਤੇ ਉਸਨੇ ਕਿਹਾ, "ਉਠੋ। ਆਪਣੇ ਪੈਰਾਂ ਤੇ ਖੜੇ ਹੋ ਜਾਓ।" ਉਸ ਨੇ ਕਿਹਾ, "ਜਾਓ, ਬਿਲ ਹਾਲ ਨੂੰ ਦੱਸੋ, ਉਹ ਨਹੀਂ ਮਰੇਗਾ। ਉਹ ਜਿਉਂਦਾ ਰਹੇਗਾ।"

124 ਔਹ, ਮੈਂ ਜਿੰਨੀ ਜਲਦੀ ਦੌੜ ਸਕਦਾ ਸੀ ਮੈਂ ਦੋੜਿਆ, ਅਤੇ ਮੈਂ ਕਿਹਾ, "ਸ਼੍ਰੀਮਤੀ ਹਾਲ, ਮੇਰੇ ਕੋਲ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲਾ ਵਚਨ ਹੈ। ਉਹ ਜਿਉਂਦਾ ਰਹੇਗਾ।" ਅਤੇ ਉਸਨੇ ਮੈਨੂੰ ਸੁਣ ਲਿਆ। ਅਤੇ ਉਹ ਰੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਅਤੇ ਉਹ ਹੋਰ ਬੋਲ ਨਹੀਂ ਸਕਿਆ।

125 ਮੈਂ ਵਾਪਸ ਆਇਆ ਅਤੇ ਸੈਮ ਨੂੰ ਫੋਨ ਕੀਤਾ। ਅਤੇ ਮੈਂ ਕਿਹਾ, "ਸੈਮ, ਸਾਡਾ—ਸਾਡਾ ਭਾਈ ਜਿਉਂਦਾ ਰਹੇਗਾ।"

ਉਸ ਨੇ ਕਿਹਾ, "ਉਹ ਇਸ ਤਰ੍ਹਾਂ ਕਿਵੇਂ ਜਿਉਂਦਾ ਰਹਿ ਸਕਦਾ ਹੈ?"

126 ਮੈਂ ਕਿਹਾ, "ਇਹ ਪਤਾ ਲਗਾਉਣਾ ਮੇਰਾ ਕੰਮ ਨਹੀਂ ਹੈ। ਪਰਮੇਸ਼ੁਰ ਨੇ ਇਸ ਤਰ੍ਹਾਂ ਕਿਹਾ ਹੈ। ਗੱਲ ਖਤਮ।"

127 ਉਹ ਅੱਜ ਜਿਉਂਦਾ ਹੈ। ਇਹ ਕਰੀਬ ਦਸ ਸਾਲ ਪਹਿਲਾਂ ਦੀ ਗੱਲ ਹੈ। ਬਸ ਮਜ਼ਬੂਤ ਅਤੇ ਸਿਹਤਮੰਦ। ਉਦੋਂ ਤੋਂ ਬਾਅਦ ਉਸ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ। ਉਸਨੇ ਦੁਬਾਰਾ ਵਿਆਹ ਕਰਵਾ ਲਿਆ ਹੈ।

128 ਜਾਰਜ ਰਾਈਟ ਨਾਲ ਇਹ ਕਿਵੇਂ ਹੋਇਆ, ਅਤੇ ਹੋਰ ਬਹੁਤ ਸਾਰਿਆਂ ਅਸੀਂ ਕਹਿ ਸਕਦੇ ਹਾਂ, ਜਿਨ੍ਹਾਂ ਦੇ ਨਾਮ ਅਸੀਂ ਲੈ ਸਕਦੇ ਹਾਂ? ਇਹ ਕੀ ਹੈ? ਇਹ ਨਿੰਦਾ ਦਾ ਸਾਹਮਣਾ ਕਰਨਾ ਹੈ। ਉਹ ਹੱਸਦੇ ਹਨ ਅਤੇ ਮਜ਼ਾਕ ਕਰਦੇ ਹਨ।

129 ਮੈਨੂੰ 37 ਦੇ ਹੜ੍ਹ ਤੋਂ ਪਹਿਲਾਂ ਦੀ ਗੱਲ ਯਾਦ ਆਉਂਦੀ ਹੈ। ਮੈਂ ਉੱਥੇ ਫਾਲਸ ਸਿਟੀ ਟ੍ਰਾਂਸਫਰ ਕੰਪਨੀ ਕੋਲ ਖੜ੍ਹਾ ਸੀ, ਅਤੇ ਉਨ੍ਹਾਂ ਨੂੰ ਇਸ ਬਾਰੇ ਦੱਸ ਰਿਹਾ ਸੀ, ਇੱਥੇ 32 ਫੁੱਟ ਪਾਣੀ ਹੋਣ ਵਾਲਾ ਸੀ, ਮੇਰਾ ਮੰਨਣਾ ਹੈ ਕਿ ਇਹ ਸਪਰਿੰਗ ਮਾਰਗ ਤੇ ਸੀ। ਉਹ ਮੇਰੇ ਤੇ ਹੱਸੇ। ਓਹਨਾਂ ਨੇ ਕਿਹਾ, "ਵਿਚਾਰਾ ਬਿਲੀ। ਮੈਨੂੰ ਲੱਗਦਾ ਹੈ ਉਹ...ਉਹ ਬੱਚਾ!" ਉਦੋਂ ਮੈਂ ਬਸ ਲੜਕਾ ਹੀ ਸੀ। ਉਸ ਨੇ ਕਿਹਾ, "ਬਿਲੀ ਇੱਕ ਚੰਗਾ ਬੱਚਾ ਹੈ। ਇਹ ਸ਼ਰਮ ਦੀ ਗੱਲ ਹੈ ਕਿ ਉਹ ਬਹੁਤ ਉੱਲਝਣ ਵਿੱਚ ਹੈ।" ਮੈਂ ਉੱਲਝਣ ਵਿੱਚ ਨਹੀਂ ਸੀ। ਮੈਨੂੰ *ਵਿੱਚ* ਬਪਤਿਸਮਾ ਦਿੱਤਾ ਗਿਆ ਸੀ, ਉੱਲਝਣ ਵਿੱਚ ਨਹੀਂ। ਮੈਂ ਬਸ "ਵਿੱਚ" ਸੀ। ਅਤੇ ਬਿਲਕੁਲ ਉਸੇ ਤਰ੍ਹਾਂ ਹੋਇਆ।

130 ਜਦੋਂ ਤੋਂ ਮੈਂ ਬੋਲ ਰਿਹਾ ਹਾਂ, ਮੈਂ ਭੈਣ ਹੈਟੀ ਰਾਈਟ ਨੂੰ ਦੇਖਿਆ ਹੈ, ਮੈਨੂੰ ਯਕੀਨ ਹੈ, ਉੱਥੇ ਪਿਛਾਂਹ ਬੈਠੀ ਹੋਈ ਹੈ। ਉਸ ਨੂੰ ਬਿਲ ਹਾਲ ਦੇ ਉਸ ਮਾਮਲੇ

ਬਾਰੇ ਯਾਦ ਹੈ। ਬਹੁਤ ਸਾਰੇ। ਅੱਜ ਸਵੇਰੇ ਇੱਥੇ, ਕਿੰਨੇ ਲੋਕ ਹਾਜ਼ਰ ਹਨ, ਜਿਨ੍ਹਾਂ ਨੂੰ ਉਹ ਵਾਕਿਆ ਯਾਦ ਹੈ? ਓਹ, ਮੇਰੇ! ਯਕੀਨਨ। ਤੁਹਾਡੇ ਵਿੱਚੋਂ ਬਹੁਤ ਸਾਰੇ ਹਨ।

131 ਹੁਣ, ਉਹ ਸਾਡੇ ਲਈ ਅਫ਼ਸੋਸ ਮਹਿਸੂਸ ਕਰਦੇ ਹਨ, ਕਿਸੇ ਵੀ ਵਿਅਕਤੀ ਲਈ ਅਫ਼ਸੋਸ ਮਹਿਸੂਸ ਕਰਦੇ ਹਨ ਜੋ ਮਖ਼ੌਲ ਕਰਨ ਵਾਲਿਆਂ ਦੇ ਦਿਨਾਂ ਵਿੱਚ, ਵਚਨ ਨੂੰ ਫੜ ਕੇ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਪਰ, ਯਾਦ ਰੱਖੋ, ਨਿੰਦਾ ਹੋਣੀ ਲਾਜਮੀ ਹੈ। ਇਹ ਹਮੇਸ਼ਾ ਇਸ ਤਰ੍ਹਾਂ ਰਿਹਾ ਹੈ। ਉਨ੍ਹਾਂ ਨੇ ਜਰੂਰ ਸੋਚਿਆ ਹੋਵੇਗਾ, ਜਿਵੇਂ ਉਨ੍ਹਾਂ ਨੇ ਉਦੋਂ ਕੀਤਾ ਸੀ, ਕਿ ਪਰਮੇਸ਼ੁਰ, ਸਭ ਕੁਝ ਵਿਗਿਆਨਕ ਤੌਰ ਤੇ ਸਾਬਤ ਹੋਣ ਤੋਂ ਬਾਅਦ, ਕਿ ਪਰਮੇਸ਼ੁਰ ਅਜਿਹਾ ਕੁਝ ਨਹੀਂ ਬੋਲੇਗਾ ਜੋ ਵਿਗਿਆਨ ਦੇ ਉਲਟ ਹੋਵੇ। ਖੈਰ, ਇਹ ਉਹ ਹੈ ਜੋ ਉਸਨੂੰ ਪਰਮੇਸ਼ੁਰ ਬਣਾਉਂਦਾ ਹੈ। ਜੇਕਰ ਉਹ ਕੇਵਲ ਵਿਗਿਆਨ ਦੇ ਅਨੁਸਾਰ ਚੱਲਿਆ ਹੁੰਦਾ, ਤਾਂ ਇਹ ਇਸ ਤੋਂ ਵੱਧ ਕੇ ਕੁਝ ਹੋਰ ਨਾ ਹੁੰਦਾ ਜੋ ਮਨੁੱਖ ਪ੍ਰਾਪਤ ਕਰ ਸਕਦਾ ਹੈ। ਪਰ, ਉਹ ਪਰਮੇਸ਼ੁਰ ਹੈ। ਉਹ—ਉਹ ਵਿਗਿਆਨ ਦਾ ਸਿਰਜਣਹਾਰ ਹੈ। ਉਹ ਜੋ ਚਾਹੁੰਦਾ ਹੈ ਉਹ ਕਰ ਸਕਦਾ ਹੈ।

132 ਉਹਨਾਂ ਨੇ ਜਰੂਰ ਸੋਚਿਆ ਹੋਵੇਗਾ, "ਵਿਚਾਰਾ ਬੁੱਢਾ ਨੂਹ, ਠੀਕ ਹੈ, ਬੁੱਢੇ ਬੰਦੇ ਨੂੰ ਇਕੱਲਾ ਰਹਿਣ ਦਿਓ। ਉਹ ਸਾਰਾ ਮਜ਼ਾ ਗੁਆ ਰਿਹਾ ਹੈ ਜੋ ਅਸੀਂ ਇਨ੍ਹਾਂ ਦਿਨਾਂ ਵਿੱਚ ਲੈ ਰਹੇ ਹਾਂ, ਇਸ ਲਈ ਉਸਨੂੰ ਇਕੱਲਾ ਛੱਡ ਦਿਓ।" ਇਹ ਹੁਣ ਵੀ ਉਸੇ ਤਰ੍ਹਾਂ ਹੈ।

133 ਪਰ, ਹੁਣ, ਮੈਂ ਇੱਥੇ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ। ਹੁਣ, ਅਸੀਂ ਪਿੱਛੇ ਮੁੜ ਕੇ ਦੇਖਦੇ ਹਾਂ ਅਤੇ ਉਸ ਦੀ ਨਿਹਚਾ ਦੀ ਪ੍ਰਸ਼ੰਸਾ ਕਰਦੇ ਹਾਂ। ਪਰ ਮੈਂ ਸੋਚਦਾ ਹਾਂ, ਜੇ ਅਸੀਂ ਉਸ ਦਿਨ ਵਿਚ ਰਹੇ ਹੁੰਦੇ, ਤਾਂ ਕੀ ਅਸੀਂ ਉਸੇ ਤਰ੍ਹਾਂ ਖੜ੍ਹੇ ਰਹਿੰਦੇ ਜਿਸ ਤਰ੍ਹਾਂ ਨੂਹ ਖੜ੍ਹਾ ਰਿਹਾ ਸੀ? ਕੀ ਅਸੀਂ ਸੱਚ ਦੇ ਨਾਲ ਹੋਈ ਨਿੰਦਾ ਦਾ ਸਾਹਮਣਾ ਕਰਨ ਦੇ ਲਈ ਯੋਗ ਅਤੇ ਤਿਆਰ ਹੁੰਦੇ? ਜਦੋਂ, ਸੰਸਾਰ ਵਿੱਚ ਲੱਖਾਂ ਲੋਕਾਂ ਵਿੱਚੋਂ, ਕੇਵਲ ਨੂਹ ਅਤੇ ਉਸਦਾ ਪਰਿਵਾਰ ਹੀ ਸੀ ਜੋ ਉਸ ਸੱਚ ਲਈ ਖੜ੍ਹਾ ਸੀ। ਕੀ ਤੁਸੀਂ ਇਸ ਬਾਰੇ ਸੋਚਿਆ? ਬਸ ਉਹ ਆਦਮੀ ਅਤੇ ਉਸਦੇ ਤਿੰਨ ਪੁੱਤਰ, ਅਤੇ ਉਸਦੀਆਂ ਨੂੰਹਾਂ, ਉਸਦੀ ਪਤਨੀ, ਸਿਰਫ਼ ਉਹੀ ਸਨ ਜੋ ਉਸ ਸੱਚ ਲਈ ਖੜ੍ਹੇ ਸਨ। ਪਰ ਉਨ੍ਹਾਂ ਕੋਲ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵਾਲਾ ਵਚਨ ਸੀ। ਅਸੀਂ ਪਿੱਛੇ ਦੇਖਦੇ ਹਾਂ ਅਤੇ ਉਸਦੀ ਪ੍ਰਸ਼ੰਸਾ ਕਰਦੇ ਹਾਂ। ਕੀ ਅਸੀਂ ਇਸ ਬਾਰੇ ਦੁਬਾਰਾ ਸੋਚ ਸਕਦੇ ਹਾਂ?

ਮੈਨੂੰ ਇਨ੍ਹਾਂ ਬੱਚਿਆਂ ਦੇ ਤੋਹਫ਼ਿਆਂ ਕਾਰਨ ਜਲਦੀ ਕਰਨਾ ਪਵੇਗਾ।

134 ਅਬਰਾਹਾਮ, *ਅਬਰਾਹਾਮ* ਸ਼ਬਦ ਦਾ ਹੀ ਅਰਥ ਹੈ "ਬਹੁਤਿਆਂ ਦਾ

ਪਿਤਾ," ਜੋ ਉਸ ਨੂੰ "ਬਹੁਤਿਆਂ ਦਾ ਇੱਕ ਪਿਤਾ" ਬਣਾਉਂਦਾ ਹੈ।

135 ਹੁਣ, ਅਬਰਾਹਾਮ ਨੇ ਪਰਮੇਸ਼ੁਰ ਦਾ ਬਚਨ ਸੁਣਿਆ। ਅਬਰਾਹਾਮ ਇੱਕ ਨਬੀ ਸੀ, ਅਤੇ ਉਸਨੇ ਪਰਮੇਸ਼ੁਰ ਦਾ ਬਚਨ ਸੁਣਿਆ। ਅਤੇ ਅਸੀਂ ਪਰਮੇਸ਼ੁਰ ਦੇ ਬਚਨ ਨੂੰ ਫੜੀ ਰੱਖਣ ਲਈ ਅਬਰਾਹਾਮ ਦੀ ਪ੍ਰਸ਼ੰਸਾ ਕਰਦੇ ਹਾਂ; ਉਸ ਨੇ ਆਪਣੇ ਆਪ ਨੂੰ ਆਪਣੇ ਰਿਸ਼ਤੇਦਾਰਾਂ ਤੋਂ ਕਿਵੇਂ ਵੱਖ ਕੀਤਾ; ਇਹ ਅਬਰਾਹਾਮ ਲਈ ਕਿੰਨਾ ਔਖਾ ਸੀ। ਉਸ ਦਾ ਪਾਲਣ-ਪੋਸ਼ਣ ਉੱਥੇ ਹੋਇਆ ਸੀ। ਬਾਬਲ ਤੋਂ ਬਾਹਰ ਆਇਆ, ਅਤੇ—ਅਤੇ ਉੱਥੇ ਊਰ ਸ਼ਹਿਰ ਵਿੱਚ, ਸ਼ਿਨਾਰ ਅਤੇ ਕਸਦੀਆਂ ਦੀ ਧਰਤੀ ਉੱਤੇ ਸੀ, ਜਿੱਥੇ ਉਸਦੇ ਸਾਰੇ ਸਾਥੀ, ਉਸਦੇ ਲੋਕ, ਅਤੇ ਉਹ ਜਿਨ੍ਹਾਂ ਨਾਲ ਉਹ ਕਲੀਸਿਯਾ ਵਿੱਚ ਜਾਂਦਾ ਸੀ, ਅਤੇ ਸਭ ਕੁਝ ਸੀ। ਪਰ ਪਰਮੇਸ਼ੁਰ ਨੇ ਕਿਹਾ, "ਆਪਣੇ ਆਪ ਨੂੰ ਵੱਖ ਕਰ।" ਔਹ, ਮੇਰੇ! ਇਹ ਕਿੰਨੀ ਭਿਆਨਕ ਗੱਲ ਸੀ, ਉਹ ਸਭ ਕੁਝ ਛੱਡਣਾ ਜੋ ਉਸਨੂੰ ਪਿਆਰਾ ਸੀ, ਉਹ ਸਭ ਕੁਝ ਜੋ ਉਸਦੇ ਲਈ ਅਸਲ ਸੀ, ਜੋ ਉਸਨੂੰ ਪਿਆਰਾ ਸੀ। ਅਤੇ ਪਰਮੇਸ਼ੁਰ ਨੇ ਉਸਨੂੰ ਕਿਹਾ, "ਆਪਣੇ ਆਪ ਨੂੰ ਵੱਖ ਕਰੋ।"

136 ਅਤੇ ਉਸਨੂੰ ਇੱਕ ਬਹੁਤ ਹੀ ਅਜੀਬ ਚੀਜ਼ ਦਿੱਤੀ। "ਤੈਨੂੰ ਤੇਰੀ ਪਤਨੀ ਦੁਆਰਾ ਇੱਕ ਬਾਲਕ ਮਿਲੇਗਾ।" ਅਤੇ ਉਹ ਪੰਝੱਤਰ ਸਾਲਾਂ ਦਾ ਸੀ, ਅਤੇ ਉਹ ਪੈਂਹਠ ਸਾਲ ਦੀ ਸੀ। ਉਹ ਇੱਕ ਔਰਤ ਜਿਹੀ ਨਹੀਂ ਰਹਿ ਗਈ ਸੀ, ਜਿਵੇਂ ਵਰ੍ਹਿਆਂ ਤੋਂ, ਇਹ ਔਰਤ ਨੂੰ ਆਗਿਆ ਸੀ ਕਿ ਉਹ ਬੱਚਿਆਂ ਨੂੰ ਪੈਦਾ ਕਰੇ। ਅਤੇ ਇੱਥੇ, ਜਦੋਂ ਤੋਂ ਉਹ ਇੱਕ ਕੁੜੀ ਸੀ ਉਸਦੇ ਨਾਲ ਰਹਿਣ ਤੋਂ ਬਾਅਦ, ਕਿਉਂਕਿ ਉਹ ਉਸਦੀ ਦੂਰ ਦੀ ਭੈਣ ਸੀ, ਅਤੇ ਫਿਰ ਉਹ ਉਸ ਬੱਚੇ ਨੂੰ ਕਿਵੇਂ ਲਿਆ ਸਕਦਾ ਸੀ? ਅਤੇ ਹੁਣ ਕੀ ਤੁਸੀਂ ਅਬਰਾਹਾਮ ਬਾਰੇ ਸੋਚ ਸਕਦੇ ਹੋ ਕਿ ਉਹ ਆਪਣੇ ਸਾਥੀਆਂ ਵਿੱਚ ਜਾ ਰਿਹਾ ਹੈ, ਅਤੇ ਕਹਿੰਦਾ ਹੈ, "ਸਾਨੂੰ ਇੱਕ ਬੱਚਾ ਹੋਣ ਜਾ ਰਿਹਾ ਹੈ, ਸਾਰਾਹ ਅਤੇ ਮੈਨੂੰ"? ਕੀ ਤੁਸੀਂ ਇਸਦੀ ਕਲਪਨਾ ਕਰ ਸਕਦੇ ਹੋ?

137 ਕਿਉਂ, ਲੋਕਾਂ ਨੇ ਕਿਹਾ, "ਵਿਚਾਰਾ ਬੁੱਢਾ ਆਦਮੀ, ਉਸ ਨਾਲ ਕੁਝ ਤਾਂ ਗਲਤ ਹੋਇਆ ਹੈ।"

138 ਇਹ ਇੱਕ ਨਿੰਦਾ ਸੀ, ਪਰ ਅਬਰਾਹਾਮ ਨੇ ਇਸ ਨੂੰ ਫੜ੍ਹੀ ਰੱਖਿਆ। ਅਤੇ ਜਦੋਂ ਉਹ ਸੌ ਸਾਲਾਂ ਦਾ ਸੀ, ਤਾਂ ਉਹ ਕਦੇ ਵੀ ਪਰਮੇਸ਼ੁਰ ਦੇ ਵਾਅਦੇ ਤੋਂ ਡਗਮਗਾਇਆ ਨਹੀਂ। ਉਹ ਫਿਰ ਵੀ ਨਿੰਦਾ ਦਾ ਸਾਹਮਣਾ ਕਰਦਾ ਰਿਹਾ, ਯਕੀਨਨ, ਇਸ ਨੂੰ ਫੜੀ ਰੱਖਿਆ।

139 ਕੀ ਤੁਸੀਂ ਉੱਥੇ ਫਰਕ ਦੇਖਦੇ ਹੋ? ਸਾਰਾਹ ਨੇ ਆਪਣੇ ਆਪ ਤੋਂ, ਅਬਰਾਹਾਮ ਦੀ, ਸਗੋਂ, ਪਰਮੇਸ਼ੁਰ ਦੀ ਥੋੜ੍ਹੀ ਜਿਹੀ ਮਦਦ ਕਰਨ ਦੀ ਕੋਸ਼ਿਸ

ਕੀਤੀ। ਉਸਨੇ ਸੋਚਿਆ, ਤੁਸੀਂ ਜਾਣਦੇ ਹੋ, ਕਿ, ਵੈਸੇ ਪਰਮੇਸ਼ੁਰ ਨੇ ਕੀ ਵਾਅਦਾ ਕੀਤਾ ਸੀ। "ਹੁਣ, ਤੁਸੀਂ ਜਾਣਦੇ ਹੋ, ਮੈਂ ਇੱਕ ਬੁੱਢੀ ਔਰਤ ਹਾਂ, ਪਰ ਹਾਜਰਾ ਇੱਕ ਸੁੰਦਰ ਔਰਤ ਹੈ। ਅਬਰਾਹਾਮ ਨੂੰ ਵੀ, ਉਸ ਨਾਲ ਵਿਆਹ ਕਰਨ ਵਿਚ ਕੋਈ ਇਤਰਾਜ਼ ਨਹੀਂ ਹੋਵੇਗਾ। ਇਸ ਲਈ, ਤੁਸੀਂ ਜਾਣਦੇ ਹੋ, ਇਹ ਕਰੇਗਾ—ਇਹ ਪਰਮੇਸ਼ੁਰ ਦੀ ਮਦਦ ਕਰੇਗਾ। ਇਹ ਪਰਮੇਸ਼ੁਰ ਦੀ ਮਦਦ ਕਰੇਗਾ, ਕਿਉਂਕਿ ਹਾਜਰਾ, ਇੱਥੇ, ਉਹ ਸ਼ਾਇਦ ਸਿਰਫ ਵੀਹ ਸਾਲਾਂ ਦੀ ਹੈ। ਉਹ ਮੇਰੀ ਦਾਸੀ ਹੈ। ਅਤੇ ਤੁਸੀਂ ਜਾਣਦੇ ਹੋ ਕਿ ਮੈਂ ਕੀ ਕਰਾਂਗੀ? ਮੈਂ ਉਸਨੂੰ ਆਪਣੇ ਪਤੀ ਨੂੰ, ਪਤਨੀ ਕਰਕੇ ਦੇ ਦਿਆਂਗੀ," ਕਿਉਂਕਿ ਇੱਕ ਤੋਂ ਜਿਆਦਾ ਜਾਇਜ਼ ਸਨ। ਇਸ ਲਈ ਉਸ ਨੇ ਕਿਹਾ…"ਮੈਂ ਉਸਨੂੰ ਦੇ ਦਿਆਂਗੀ, ਅਤੇ ਮੇਰੇ ਪਤੀ ਦੁਆਰਾ ਉਸਦਾ ਇੱਕ ਬੱਚਾ ਹੋਵੇਗਾ, ਅਤੇ ਫਿਰ ਮੈਂ ਬੱਚੇ ਨੂੰ ਲੈ ਲਵਾਂਗੀ। ਅਤੇ ਇਹ ਉਹੀ ਹੈ, ਜਿਸਦਾ ਪਰਮੇਸ਼ੁਰ ਨੇ ਵਾਅਦਾ ਕੀਤਾ ਸੀ।"

140 ਤੁਸੀਂ ਦੇਖੋ, ਅਸੀਂ ਹਮੇਸ਼ਾ ਕੁਝ ਕਰਨ ਦੀ ਕੋਸ਼ਿਸ਼ ਕਰਦੇ ਹਾਂ; ਉਸ ਦੀ ਉਡੀਕ ਨਹੀਂ ਕਰ ਸਕਦੇ। ਅਸੀਂ ਆਪਣੇ ਆਪ ਹੀ, ਕੁਝ ਕਰਨਾ ਹੁੰਦਾ ਹੈ। ਸ਼ਾਇਦ ਸਭ ਠੀਕ ਹੋਵੇ। ਉਹ ਸ਼ਾਇਦ ਸੋਹਣੀ ਸੀ। ਇਹ ਬਹੁਤ ਵਧੀਆ ਲੱਗ ਸਕਦਾ ਹੈ, ਪਰ ਇਹ ਵਚਨ ਦੇ ਅਨੁਸਾਰ ਨਹੀਂ ਸੀ। ਪਰਮੇਸ਼ੁਰ ਨੇ ਅਬਰਾਹਾਮ ਨੂੰ ਦੱਸਿਆ ਸੀ ਕਿ ਬਾਲਕ ਸਾਰਾਹ ਦੁਆਰਾ ਆਵੇਗਾ।

141 ਤੁਹਾਨੂੰ ਯਾਦ ਹੈ ਕਿ ਉਸਨੇ ਛੋਟੇ ਝੁੰਡ ਬਾਰੇ ਕੀ ਕਿਹਾ ਸੀ? "ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ।" "ਜਿਵੇਂ ਨੂਹ ਦੇ ਦਿਨਾਂ ਵਿੱਚ ਹੋਇਆ ਸੀ, ਉਸੇ ਤਰ੍ਹਾਂ ਮਨੁੱਖ ਦੇ ਪੁੱਤਰ ਦੇ ਆਉਣ ਵੇਲੇ ਵੀ ਹੋਵੇਗਾ, ਜਿਸ ਵਿੱਚ ਕੁਝ ਕੁ, ਏਥੋਂ ਤਕ ਅੱਠ ਰੂਹਾਂ, ਬਚਾਈਆਂ ਗਈਆਂ ਸਨ।" ਉਹ ਵਚਨ ਅਸਫਲ ਨਹੀਂ ਹੋ ਸਕਦੇ, ਇਸ ਲਈ ਆਓ ਆਪਣੇ ਆਪ ਨੂੰ ਨੇੜਿਓਂ ਦੇਖੀਏ ਅਤੇ ਬਚਨ ਦੇ ਨਾਲ ਰਹੀਏ। ਠੀਕ ਹੈ। ਸਮਝੇ?

142 ਲੋਕ ਹਮੇਸ਼ਾ ਕੁਝ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਪਰਮੇਸ਼ੁਰ ਦੀ ਰਚਨਾਤਮਕ ਇੱਛਾ ਦੀ ਜਗ੍ਹਾ ਲੈਣ ਲਈ। ਤੁਸੀਂ ਦੇਖੋ, ਜਿਵੇਂ ਕਿ ਮੈਂ ਅਕਸਰ ਕਿਹਾ ਹੈ, ਅਤੇ ਸ਼ਾਇਦ ਕਲੀਸਿਯਾ ਦੇ ਸਾਹਮਣੇ, ਪਹਿਲਾਂ ਹੀ, ਤੁਸੀਂ ਜਾਣਦੇ ਹੋ, ਤੁਸੀਂ ਭੇਡਾਂ ਨੂੰ ਨਹੀਂ ਪੁੱਛ ਸਕਦੇ, "ਕੀ ਤੁਸੀਂ ਮਰੇ ਲਈ ਕੁਝ ਉੱਨ ਬਣਾਉਗੇ?" ਨਹੀਂ, ਉਹ ਅਜਿਹਾ ਨਹੀਂ ਕਰ ਸਕਦਾ। ਹੁਣ, ਇੱਕ ਬੱਕਰੀ ਉੱਨ ਨਹੀਂ ਬਣਾ ਸਕਦੀ, ਕਿਉਂਕਿ ਉਸਦੀ ਪ੍ਰਕਿਰਤੀ ਉਸ ਨੂੰ ਆਗਿਆ ਨਹੀਂ ਦਿੰਦੀ। ਭਾਵੇਂ ਤੁਸੀਂ ਬੱਕਰੀ ਤੇ ਭੇਡ ਦੀ ਉੱਨ ਨੂੰ ਬੰਨ੍ਹਣ ਦੀ ਕਿੰਨੀ ਵੀ ਕੋਸ਼ਿਸ਼ ਕਰੋ, ਇਹ ਕੰਮ ਨਹੀਂ ਕਰੇਗੀ। ਬੱਕਰੀ ਉੱਨ ਨਹੀਂ ਬਣਾ ਸਕਦੀ, ਅਤੇ ਭੇਡ ਵਾਲ ਨਹੀਂ ਬਣਾ ਸਕਦੀ। ਪਰ ਉਸ ਕੋਲ ਉੱਨ ਹੈ ਕਿਉਂਕਿ ਉਹ ਭੇਡ ਹੈ।

ਇਹੀ ਉਸਨੂੰ ਬਣਾਉਂਦਾ ਹੈ। ਉਹ ਨਿਰਮਾਣ ਨਹੀਂ ਕਰਦਾ।

143 ਅਸੀਂ ਆਤਮਾ ਦੇ ਫਲਾਂ ਨੂੰ ਘੜਨਾ ਨਹੀਂ ਹੈ। ਸਾਨੂੰ ਆਤਮਾ ਦੇ ਫਲ ਲੱਗਣੇ ਚਾਹੀਦੇ ਹਨ। ਸੇਬ ਦਾ ਰੁੱਖ ਸੇਬ ਨਹੀਂ ਬਣਾਉਂਦਾ; ਇਹ ਬਸ ਇਸ ਨੂੰ ਲੱਗਦੇ ਹਨ ਕਿਉਂਕਿ ਇਹ ਇੱਕ ਸੇਬ ਦਾ ਰੁੱਖ ਹੈ।

144 ਅਤੇ ਜੇ ਅਸੀਂ ਕੁਝ ਵੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ, "ਮੈਂ ਮਕਸਦ ਵਿੱਚ ਮਦਦ ਕਰਾਂਗਾ। ਮੈਂ ਸੈਮੀਨਾਰ ਵਿੱਚ ਦਸ ਸਾਲਾਂ ਲਈ ਪੜ੍ਹਾਂਗਾ। ਮੈਂ *ਇਹ*, *ਉਹ*, ਜਾਂ ਕੁਝ ਹੋਰ ਸਿੱਖ ਲਵਾਂਗਾ, ਅਤੇ ਮੇਰੀ ਬੈਚਲਰ ਆਫ਼ ਆਰਟ ਅਤੇ ਮੇਰੀ ਡਾਕਟਰ ਦੀ ਡਿਗਰੀ ਪ੍ਰਾਪਤ ਕਰਾਂਗਾ। ਮੈਂ ਇਕੱਲਾ, ਪ੍ਰਭੂ ਦੀ ਮਦਦ ਕਰਾਂਗਾ।" ਇਹ ਕੰਮ ਨਹੀਂ ਕਰੇਗਾ।

145 ਪਰਮੇਸ਼ੁਰ, ਪਹਿਲਾਂ ਤੋਂ ਠਹਿਰਾਏ ਜਾਣ ਦੁਆਰਾ, ਜਿਸ ਨੂੰ ਉਹ ਚਾਹੁੰਦਾ ਹੈ ਉਸ ਨੂੰ ਬੁਲਾਉਂਦਾ ਹੈ। ਉਹ ਉਸੇ ਨੂੰ ਰਾਜ ਦਿੰਦਾ ਹੈ ਜਿਸ ਨੂੰ ਉਹ ਦੇਣਾ ਚਾਹੁੰਦਾ ਹੈ। ਅਸੀਂ ਨਬੂਕਦਨੱਸਰ ਤੋਂ ਇਹ ਸਿੱਖਿਆ ਹੈ।

146 ਅਸੀਂ ਇਸ ਯਿਰਮਿਯਾਹ ਦੁਆਰਾ—ਦੁਆਰਾ ਸਿੱਖਿਆ ਹੈ, ਜਦੋਂ ਪਰਮੇਸ਼ੁਰ ਨੇ ਉਸ ਨੂੰ ਦੱਸਿਆ, ਪ੍ਰਭੂ ਦੇ ਬਚਨ ਦੁਆਰਾ, ਕਿ, ਇੱਕ ਸਮਾਂ ਅਜਿਹਾ ਆਉਣ ਵਾਲਾ ਸੀ ਕਿ ਇਸਰਾਏਲ ਨੂੰ ਸੱਤਰ ਸਾਲਾਂ ਲਈ ਬਾਬਲ ਵਿੱਚ ਲਿਜਾਇਆ ਜਾਵੇਗਾ। ਇੱਥੇ ਇੱਕ ਹੋਰ ਨਬੀ ਆਉਂਦਾ ਹੈ। ਉਸ ਨੇ ਪਹਿਲਾਂ ਹੀ ਉਸ ਨੂੰ ਦੱਸਿਆ ਸੀ, ਕਿਹਾ, "ਹੁਣ, ਤੁਹਾਡੇ ਕੋਲ ਨਬੀ ਹੋਣਗੇ, ਜੋ ਉੱਠ ਖੜ੍ਹੇ ਹੋਣਗੇ। ਅਤੇ ਉਹ ਤੁਹਾਡੇ ਕੋਲ ਬਾਬਲ ਵਿੱਚ ਹੋਣਗੇ, ਜਿਹੜੇ ਉੱਠਣਗੇ, ਅਤੇ ਸੁਪਨੇ ਵੇਖਣ ਵਾਲੇ ਅਤੇ ਨਬੀ, ਜੋ ਇਸ ਦੇ ਉਲਟ ਭਵਿੱਖਬਾਣੀ ਕਰਣਗੇ। ਪਰ ਲੋਕਾਂ ਨੂੰ ਦੱਸਣਾ ਕਿ ਉਹ ਉਨ੍ਹਾਂ ਲੋਕਾਂ ਦੀ ਗੱਲ ਨਾ ਸੁਣਨ।"

147 ਅਤੇ ਇੱਕ ਆਦਮੀ ਆਇਆ, ਨਬੀਆਂ ਵਿੱਚੋਂ ਇੱਕ, ਜਿਸਦਾ—ਜਿਸਦਾ ਨਾਮ ਹਨਨਯਾਹ ਸੀ। ਅਤੇ ਜਦੋਂ ਯਿਰਮਿਯਾਹ ਆਪਣੀ ਗਰਦਨ ਉੱਤੇ ਜੂਲਾ ਲੈ ਕੇ ਉੱਥੇ ਖੜ੍ਹਾ ਸੀ, ਹਨਨਯਾਹ ਆਇਆ, ਬੋਲਿਆ, "**ਯਹੋਵਾਹ ਐਉਂ ਫ਼ਰਮਾਉਂਦਾ ਹੈ**, ਪੂਰੇ ਦੋ ਵਰਿਹਾਂ ਤੀਕ, ਮੈਂ ਯਹੋਵਾਹ ਦੇ ਭਵਨ ਦੇ ਸਾਰੇ ਭਾਂਡੇ…" ਹੁਣ, ਬੁਨਿਆਦੀ ਤੌਰ ਤੇ, ਇਹ ਬਹੁਤ ਵਧੀਆ ਲੱਗ ਰਿਹਾ ਸੀ। "ਪਰਮੇਸ਼ੁਰ ਆਪਣੇ ਲੋਕਾਂ ਨੂੰ ਅਸੀਸ ਦੇਣ ਵਾਲਾ ਹੈ। ਉਹ ਪੂਰੇ ਦੋ ਸਾਲਾਂ ਵਿੱਚ ਸਭ ਕੁਝ ਵਾਪਸ ਲਿਆਉਣ ਵਾਲਾ ਹੈ।"

148 ਅਤੇ ਬਾਈਬਲ ਨੇ ਕਿਹਾ, ਯਿਰਮਿਯਾਹ ਨਬੀ ਨੇ ਵੀ ਕਿਹਾ, "ਆਮੀਨ। ਆਮੀਨ। ਹਨਨਯਾਹ, ਯਹੋਵਾਹ ਤੇਰੇ ਬਚਨਾਂ ਨੂੰ ਪੂਰਾ ਕਰੇ। ਪਰ ਆਓ ਅਸੀਂ ਕੁਝ ਸੋਚੀਏ, ਹਨਨਯਾਹ। ਸਾਡੇ ਤੋਂ ਪਹਿਲਾਂ ਨਬੀ ਹੋਏ ਹਨ, ਅਤੇ ਉਨ੍ਹਾਂ ਨੇ ਯੁੱਧ ਦੀਆਂ ਮਹਾਨ ਕੌਮਾਂ ਦੇ ਵਿਰੁੱਧ ਭਵਿੱਖਬਾਣੀ ਕੀਤੀ ਹੈ, ਅਤੇ ਇਸ ਤਰ੍ਹਾਂ

ਹੋਰ ਵੀ। ਪਰ, ਯਾਦ ਰੱਖੋ, ਨਬੀ ਨੂੰ ਉਸਦੀ ਭਵਿੱਖਬਾਣੀ ਪੂਰੀ ਹੋਣ ਤੋਂ ਬਾਅਦ ਹੀ ਜਾਣਿਆ ਜਾਂਦਾ ਹੈ।" ਸਮਝੇ?

149 ਤਦ ਹਨਨਯਾਹ ਆਇਆ, ਯਿਰਮਿਯਾਹ ਦੀ ਧੌਣ ਤੋਂ ਜੂਲਾ ਫ਼ੜ ਲਿਆ, ਸਾਰੇ ਜਾਜਕਾਂ ਅਤੇ ਮੰਡਲੀ ਦੇ ਸਾਹਮਣੇ, ਸ਼ਾਇਦ ਡੇਢ ਲੱਖ ਲੋਕ। ਅਤੇ ਉਹ ਜੂਲਾ ਜਿਹੜਾ ਪਰਮੇਸ਼ੁਰ ਨੇ ਯਿਰਮਿਯਾਹ ਦੀ ਧੌਣ ਉੱਤੇ ਇੱਕ ਨਿਸ਼ਾਨੀ ਲਈ ਰੱਖਿਆ ਸੀ, ਲੈ ਲਿਆ ਅਤੇ ਉਸ ਦੇ ਟੁਕੜੇ-ਟੁਕੜੇ ਕਰ ਦਿੱਤੇ, ਅਤੇ ਇਸ ਨੂੰ ਉਸਦੇ ਪੈਰਾਂ ਤੇ ਸੁੱਟ ਦਿੱਤਾ, ਬੱਸ ਜੋਸ਼ ਵਿੱਚ, ਅਤੇ ਕਿਹਾ, "**ਯਹੋਵਾਹ ਐਉਂ ਫ਼ਰਮਾਉਂਦਾ ਹੈ**, ਦੋ ਸਾਲਾਂ ਵਿੱਚ, ਉਹ ਵਾਪਸ ਆ ਜਾਣਗੇ।"

150 ਯਿਰਮਿਯਾਹ ਨੇ ਬੱਸ ਉਸ ਵੱਲ ਦੇਖਿਆ। ਇਹ ਬਚਨ ਦੇ ਉਲਟ ਸੀ, ਇਸ ਲਈ ਉਹ ਬਸ ਪਰੇ ਚਲਾ ਗਿਆ। ਅਤੇ ਪਰਮੇਸ਼ੁਰ ਨੇ ਕਿਹਾ, "ਵਾਪਸ ਜਾ ਅਤੇ ਉਸਨੂੰ ਦੱਸ," ਕਿਹਾ, "ਮੈਂ ਉਸ ਨਾਲ ਕਦੇ ਗੱਲ ਨਹੀਂ ਕੀਤੀ।"

151 ਉਹ ਸਿਰਫ਼ ਜੋਸ਼ ਵਿੱਚ ਸੀ। ਉਸ ਨੇ ਆਪਣੇ ਖਿਆਲ ਨੂੰ ਲੈ ਲਿਆ। ਸਮਝੇ? ਉਸਨੇ ਕਦੇ ਇੰਤਜ਼ਾਰ ਨਹੀਂ ਕੀਤਾ ਜਦੋਂ ਤੱਕ ਉਸਨੇ ਅਸਲ ਵਿੱਚ ਇਸਨੂੰ ਨਹੀਂ ਵੇਖਿਆ ਅਤੇ ਜਾਣਿਆ ਕਿ ਇਹ ਪਰਮੇਸ਼ਰ ਨਹੀਂ ਸੀ ਜੋ ਇਹ ਕਹਿ ਰਿਹਾ ਸੀ। ਉਹ ਵਾਪਸ ਚਲਾ ਗਿਆ, ਪੂਰੇ ਜੋਸ਼ ਵਿੱਚ। ਜੇ…

152 ਅਸੀਂ ਇਸਨੂੰ ਅੱਜ, ਪੂਰੇ ਦੇਸ਼ ਭਰ ਵਿੱਚ ਵੇਖਦੇ ਹਾਂ। ਹਾਲ ਹੀ ਵਿੱਚ ਇੱਕ ਘਰ ਵਿੱਚ ਸਾਡੀ ਇੱਕ ਟੇਪ ਚਲਾਈ ਜਾ ਰਹੀ ਸੀ, ਜਿੱਥੇ ਸੇਵਕਾਂ ਦਾ ਇੱਕ ਝੁੰਡ ਉਸੇ ਵੇਲੇ ਹੀ ਰਾਜੀ ਹੋ ਗਿਆ ਸੀ, ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਲਈ ਆ ਰਿਹਾ ਸੀ। ਅਤੇ ਕਮਰੇ ਵਿੱਚ ਇੱਕ ਆਦਮੀ ਉੱਠਿਆ, ਜੋ ਪਰਾਈ ਭਾਸ਼ਾ ਵਿੱਚ ਬੋਲਿਆ ਅਤੇ ਕਿਹਾ, "**ਯਹੋਵਾਹ ਇੰਝ ਫ਼ਰਮਾਉਂਦਾ ਹੈ**। ਜੋ ਤੁਹਾਡੇ ਕੋਲ ਹੈ ਉਸਨੂੰ ਫੜੀ ਰੱਖੋ। ਬੱਸ ਜਾਰੀ ਰੱਖੋ, ਜਾਰੀ ਰੱਖੋ, ਅਤੇ ਮੈਂ ਤੁਹਾਨੂੰ ਅਸੀਸ ਦੇਵਾਂਗਾ।"

153 ਓਹਨਾਂ ਨੇ ਕਿਹਾ, "ਖੈਰ, ਜੇ ਯਹੋਵਾਹ ਨੇ ਇਹ ਕਿਹਾ, ਮੈਨੂੰ ਲੱਗਦਾ ਹੈ ਕਿ ਅਜਿਹਾ ਹੀ ਹੈ।" ਤੁਸੀਂ ਵੇਖਿਆ, ਇਸ ਨੂੰ ਵਚਨ ਨਾਲ ਨਹੀਂ ਪਰਖਿਆ ਗਿਆ ਸੀ। ਇਸ ਨੂੰ ਪਹਿਲਾਂ ਵਚਨ ਨੂੰ ਲੈਣਾ ਚਾਹੀਦਾ ਹੈ। ਉਥੇ ਤੁਸੀਂ ਹੋ। ਇਹ ਵਚਨ ਦੇ ਉਲਟ ਸੀ।

154 ਇੱਥੇ ਯਿਰਮਿਯਾਹ ਵਾਪਸ ਆਉਂਦਾ ਹੈ, ਉਹ ਮਸਹ ਕੀਤਾ ਹੋਇਆ ਨਬੀ। ਪਰਮੇਸ਼ੁਰ ਨੇ ਉਸਨੂੰ ਕਿਹਾ, "ਮੈਂ ਜਾਣਦਾ ਹਾਂ ਕਿ ਹਨਨਯਾਹ ਨੇ ਲੱਕੜ ਦੇ ਉਸ ਜੂਲੇ ਨੂੰ ਤੇਰੀ ਗਰਦਨ ਉੱਤੇ ਤੋੜ ਦਿੱਤਾ, ਜੋ ਮੈਂ ਪਾਇਆ ਸੀ, ਪਰ ਮੈਂ ਇੱਕ ਲੋਹੇ ਦਾ ਜੂਲਾ ਬਣਾਉਣ ਜਾ ਰਿਹਾ ਹਾਂ।" ਉਸ ਨੇ ਕਿਹਾ, "ਅਤੇ ਇਹ ਸਾਰੀਆਂ ਕੌਮਾਂ ਜੋ ਮੇਰੇ ਸੇਵਕ, ਨਬੂਕਦਨੱਸਰ ਦੀ ਸੇਵਾ ਕਰਨ ਲਈ

ਹੇਠਾਂ ਗਈਆਂ ਹਨ," ਅਤੇ ਉਹ ਇੱਕ ਮੂਰਤੀਪੂਜਕ ਸੀ। ਵੇਖਿਆ? ਅਤੇ ਇਜ਼ਰਾਈਲ, ਆਪਣੇ ਸਾਰੇ ਬਲੀਦਾਨ ਚੜਾਉਂਦੇ ਸਨ, ਪਰ ਉਹ ਨਹੀਂ ਸਨ... ਸਮਝੇ?

155 ਪਰਮੇਸ਼ੁਰ ਨੇ ਇੱਕ ਵਾਅਦਾ ਕੀਤਾ ਸੀ, ਕਿ ਉਹ ਅਸੀਸ ਦੇਵੇਗਾ, ਪਰ ਉਹ ਅਸ਼ੀਸ਼ਾਂ ਸ਼ਰਤਾਂ ਅਧੀਨ ਹਨ। ਅਤੇ ਤੁਹਾਨੂੰ ਉਹ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ, ਉਹਨਾਂ ਅਸ਼ੀਸ਼ਾਂ ਨੂੰ ਲੈਣ ਲਈ।

156 ਥੋੜ੍ਹੀ ਦੇਰ ਪਹਿਲਾਂ, ਇੱਥੇ ਇੱਕ ਨਿੱਕੀ ਜਿਹੀ, ਪਿਆਰੀ ਜਿਹੀ ਕੁੜੀ ਨਾਲ ਬੈਠਾ ਹੋਇਆ ਸੀ। ਪਹਿਲਾਂ, ਮੈਂ ਉਸ ਪਰਿਵਾਰ ਨੂੰ ਚੰਗੀ ਤਰ੍ਹਾਂ ਵੇਖਿਆ, ਮੈਂ ਇਹ ਦੇਖਣ ਲਈ ਕਿ ਕੀ ਕੁਝ ਗਲਤ ਸੀ। ਪਰਮੇਸ਼ੁਰ ਚੰਗਾ ਕਰੇਗਾ, ਪਰ ਇਹ ਸ਼ਰਤਾਂ ਦੇ ਹੇਠ ਹੈ। ਸਮਝੇ? ਮੈਨੂੰ ਸਿਰਫ ਇੱਕ ਚੀਜ਼ ਮਿਲੀ, ਉਹ ਸੀ, ਮਾਂ ਡਰਦੀ ਸੀ ਕਿ ਦਵਾਈ ਲੈਣਾ ਗਲਤ ਸੀ। ਮੈਂ ਕਿਹਾ, "ਤੁਸੀਂ ਇਹ ਨਾ ਸੋਚੋ, ਭੈਣ। ਇਸ ਨੂੰ ਆਪਣੇ ਮਨ ਵਿੱਚੋਂ ਕੱਢ ਦਿਓ। ਬੱਚੇ ਦੇ ਨਾਲ ਠੀਕ ਅੱਗੇ ਵੱਧੋ। ਇਸ ਨੂੰ ਦਵਾਈ ਦਿਓ। ਪਰਮੇਸ਼ੁਰ ਇਸ ਨੂੰ ਜਾਣੂ ਕਰਵਾਏਗਾ।" ਵੇਖਿਆ?

157 ਹੁਣ, ਪਰ, ਗੱਲ ਇਹ ਹੈ, ਲੱਭੋ, ਜਾਣੋ। ਅਤੇ ਫਿਰ, ਜੇ ਇਹ **ਯਹੋਵਾਹ ਇੰਝ ਫ਼ਰਮਾਉਂਦਾ ਹੈ**, ਤਾਂ ਠੀਕ ਹੈ।

158 ਹੁਣ ਸਾਨੂੰ ਇੱਥੇ ਪਤਾ ਲੱਗਦਾ ਹੈ ਕਿ, ਇਹ ਲੋਕ, ਉਹ ਕੁਝ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ; ਹਾਜਰਾ ਅਤੇ—ਅਤੇ ਸਾਰਾਹ, ਅਬਰਾਹਾਮ ਦੀ ਮਦਦ ਕਰਨ ਲਈ, ਪਰਮੇਸ਼ੁਰ ਦੀ ਮਦਦ ਕਰਨ ਲਈ ਕਿ ਉਸ ਦਾ ਵਾਅਦਾ ਪੂਰਾ ਹੋ ਜਾਵੇ। ਤੁਸੀਂ ਅਜਿਹਾ ਨਹੀਂ ਕਰ ਸਕਦੇ। ਇਸ ਨੂੰ ਕਰਨ ਦਾ, ਕੋਈ ਵੀ, ਤਰੀਕਾ ਨਹੀਂ ਹੈ। ਇਹ—ਇਹ ਹਰ ਚੀਜ਼ ਦੇ ਵਿਰੁੱਧ ਹੈ। ਪਰਮੇਸ਼ੁਰ ਦਾ ਬਚਨ, ਕਿਸੇ ਵੀ ਤਰ੍ਹਾਂ ਪੂਰਾ ਹੋਣ ਵਾਲਾ ਹੈ। ਤੁਹਾਨੂੰ ਕੇਵਲ ਵਚਨ ਨਾਲ ਸਹੀ ਤਰੀਕੇ ਨਾਲ ਖੜ੍ਹੇ ਰਹਿਣਾ ਹੈ, ਅਤੇ ਕਹਿਣਾ ਹੈ, "ਇਹ *ਇਸ* ਤਰ੍ਹਾਂ ਹੈ," ਅਤੇ ਵਚਨ ਨੂੰ ਫੜੀ ਰੱਖਣਾ ਹੈ। ਹੁਣ, ਦੇਖੋ, ਉਸਦੇ ਬਚਨ ਦੀ ਥਾਂ ਲੈਣ ਲਈ ਕੁਝ ਬਣਾਉਣਾ!

159 ਹੋ ਸਕਦਾ ਹੈ ਕਿ ਅਬਰਾਹਾਮ ਦੇ ਦੋਸਤ ਵੀ, ਜੇ ਅਸੀਂ ਕਦੇ ਧਿਆਨ ਦਿੱਤਾ ਹੋਵੇ, ਹੋ ਸਕਦਾ ਹੈ ਕਿ ਅਬਰਾਹਾਮ ਦੇ ਦੋਸਤਾਂ ਨੇ ਆ ਕੇ ਕਿਹਾ ਹੋਵੇ, "ਅੱਛਾ, ਕੌਮਾਂ ਦੇ ਪਿਤਾ, ਹੁਣ ਤੇਰੇ ਕਿੰਨੇ ਬੱਚੇ ਹੋ ਗਏ ਹਨ?" ਜਦੋਂ ਉਹ ਸੌ ਸਾਲ ਦਾ ਸੀ। "ਦੱਸ, ਕੌਮਾਂ ਦੇ ਪਿਤਾ, ਬਹੁਤਿਆਂ ਦੇ ਪਿਤਾ, ਹੁਣ ਤੇਰੇ ਕਿੰਨੇ ਬੱਚੇ ਹੋ ਗਏ ਹਨ?" ਮਖੌਲ ਕਰਨ ਵਾਲੇ!

160 ਹੁਣ, ਕੀ ਤੁਸੀਂ ਸਮਾਂ ਨਹੀਂ ਦੇਖਿਆ? ਕੀ ਅਸੀਂ ਇਹ ਨਹੀਂ ਦੇਖਿਆ,

ਜਦੋਂ ਕਦੇ-ਕਦੇ ਅਸੀਂ ਕਿਸੇ ਚੀਜ਼ ਲਈ ਪ੍ਰਾਰਥਨਾ ਕਰਦੇ ਹਾਂ, ਅਜਿਹਾ ਨਹੀਂ ਹੋਇਆ?

161 "ਇੱਥੇ ਇੱਕ ਬੁੱਢਾ ਆਦਮੀ ਬੈਠਾ ਹੈ," ਉਹ ਕਹਿੰਦੇ ਹਨ। "ਉਹ ਅੰਨ੍ਹਾ ਹੈ। ਉਹ ਬੋਲ਼ਾ ਹੈ। ਉਹ ਗੂੰਗਾ ਹੈ। ਉਹ ਬਿਮਾਰ ਹੈ। ਉਸਨੇ *ਇਹ* ਕੀਤਾ ਹੈ। ਉੱਥੇ ਜਾਓ ਅਤੇ ਉਸ ਨੂੰ ਚੰਗਾ ਕਰੋ, ਤੁਸੀਂ ਦੈਵਿਕ ਚੰਗਾਈ ਵਾਲਿਓ। ਤਾਂ ਅਸੀਂ ਇਸ ਤੇ ਵਿਸ਼ਵਾਸ ਕਰ ਲਵਾਂਗੇ।"

162 ਕੀ ਉਹਨਾਂ ਨੂੰ ਪਤਾ ਲੱਗਾ ਕਿ ਇਹ ਉਹੀ ਸ਼ੈਤਾਨ ਹੈ ਜਿਸ ਨੇ ਕਿਹਾ ਸੀ, "ਸਲੀਬ ਤੋਂ ਉਤਰ ਆ, ਅਤੇ ਮੈਂ ਤੇਰੇ ਤੇ ਵਿਸ਼ਵਾਸ ਕਰਾਂਗਾ। ਇਨ੍ਹਾਂ ਪੱਥਰਾਂ ਨੂੰ ਰੋਟੀ ਵਿੱਚ ਬਦਲ ਦੇ, ਅਤੇ ਮੈਂ ਇਸ ਤੇ ਵਿਸ਼ਵਾਸ ਕਰਾਂਗਾ"? ਸਮਝੇ? ਉਹੀ ਸ਼ੈਤਾਨ ਜਿਸ ਨੇ ਸਾਡੇ ਪ੍ਰਭੂ ਦੀਆਂ ਅੱਖਾਂ ਅੱਗੇ ਇੱਕ ਕਪੜਾ ਬੰਨ੍ਹਿਆ ਸੀ, ਅਤੇ ਇੱਕ ਸੋਟੀ ਨਾਲ ਉਸਦੇ ਸਿਰ ਤੇ ਮਾਰਿਆ ਸੀ, ਅਤੇ ਕਿਹਾ, "ਹੁਣ, ਜੇਕਰ ਤੂੰ ਇੱਕ ਨਬੀ ਹੈਂ, ਤਾਂ ਸਾਨੂੰ ਦੱਸ ਕਿ ਤੈਨੂੰ ਕਿਸ ਨੇ ਮਾਰਿਆ, ਅਤੇ ਅਸੀਂ ਤੇਰੇ ਤੇ ਵਿਸ਼ਵਾਸ ਕਰਾਂਗੇ।"

163 ਖੈਰ, ਤੁਸੀਂ ਜਾਣਦੇ ਹੋ ਕਿ ਉਹ ਜਾਣਦਾ ਸੀ ਕਿ ਉਸਨੂੰ ਕਿਸਨੇ ਮਾਰਿਆ ਸੀ। ਉਹ ਉਨ੍ਹਾਂ ਪੱਥਰਾਂ ਨੂੰ ਰੋਟੀ ਵਿੱਚ ਬਦਲ ਸਕਦਾ ਸੀ। ਜਾਂ, ਉਹ ਸਲੀਬ ਤੋਂ ਉਤਰ ਸਕਦਾ ਸੀ। ਪਰ ਅੱਜ ਅਸੀਂ ਕੀ ਹੁੰਦੇ ਜੇ ਉਸਨੇ ਅਜਿਹਾ ਕਰ ਦਿੱਤਾ ਹੁੰਦਾ? ਵੇਖਿਆ? ਉਹ ਪਰਮੇਸ਼ੁਰ ਦੇ ਪ੍ਰੋਗਰਾਮ ਨੂੰ ਨਹੀਂ ਜਾਣਦੇ। ਤੁਹਾਨੂੰ ਇਹ ਪਤਾ ਕਰਨਾ ਜਰੂਰੀ ਹੈ ਕਿ ਪਰਮੇਸ਼ੁਰ ਨੇ ਕੀ ਵਾਅਦਾ ਕੀਤਾ ਹੈ।

ਹੁਣ ਮੈਨੂੰ ਜਲਦੀ ਕਰਨੀ ਚਾਹੀਦੀ ਹੈ।

164 ਹੁਣ, ਹੁਣ ਉਨ੍ਹਾਂ ਨੇ ਕਿਹਾ ਹੋਵੇਗਾ, "ਕੌਮਾਂ ਦੇ ਪਿਤਾ, ਅਸੀਂ ਤੇਰੇ ਤੋਂ ਸੁਣਿਆ ਸੀ, ਪੱਚੀ ਸਾਲ ਪਹਿਲਾਂ, ਤੂੰ ਕਿਹਾ ਸੀ ਕਿ ਤੈਨੂੰ ਸਾਰਾਹ ਦੁਆਰਾ ਇੱਕ ਬੱਚਾ ਹੋਣ ਵਾਲਾ ਸੀ, ਅਤੇ ਉਸ ਵਿੱਚੋਂ ਲੋਕਾਂ ਦੀਆਂ ਕੌਮਾਂ ਆਉਣ ਵਾਲੀਆਂ ਸਨ। ਕੌਮਾਂ ਦੇ ਪਿਤਾ, ਇਸ ਸਮੇਂ ਤੇਰੇ ਕਿੰਨੇ ਬੱਚੇ ਹੋ ਗਏ ਹਨ?" ਹੂੰ! ਵੇਖਿਆ? ਇਹ ਉਹੀ ਪੁਰਾਣੀ ਆਲੋਚਨਾਤਮਕ ਆਤਮਾ ਹੈ ਜੋ ਨਿੰਦਾ ਕਰੇਗੀ।

165 ਅਬਰਾਹਾਮ ਨੇ ਕੀ ਕੀਤਾ? ਉਸ ਨੇ ਕਿਹਾ, "ਉਹ ਅਵਿਸ਼ਵਾਸ ਦੇ ਕਰਕੇ, ਵਾਅਦੇ ਤੋਂ ਡਗਮਗਾਇਆ ਨਹੀਂ।"

"ਕਿਉਂ, ਇੱਥੇ ਤੁਸੀਂ *ਫਲਾਣੇ-ਅਤੇ-ਫਲਾਣੇ* ਲਈ ਪ੍ਰਾਰਥਨਾ ਕੀਤੀ, ਅਤੇ ਉਹ ਚੰਗੇ ਨਹੀਂ ਹੋਏ।"

166 ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜੇ ਮੈਂ ਅੱਜ ਰਾਤ ਦਸ ਹਜ਼ਾਰ ਲਈ ਪ੍ਰਾਰਥਨਾ ਕਰਾਂ, ਅਤੇ ਉਹ ਦਸ ਹਜ਼ਾਰ ਸਵੇਰੇ ਮਰ ਜਾਣ, ਫਿਰ ਵੀ ਮੈਂ

ਕੱਲ੍ਹ ਰਾਤ ਬਿਮਾਰਾਂ ਨੂੰ ਮਸਹ ਕਰ ਹੋਵਾਂਗਾ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰ ਹੋਵਾਂਗਾ। ਪਰਮੇਸ਼ੁਰ ਨੇ ਅਜਿਹਾ ਕਿਹਾ ਹੈ। ਇਹ ਇਸ ਨੂੰ ਨਹੀਂ ਰੋਕ ਸਕਦਾ, ਥੋੜਾ ਜਿਹਾ ਵੀ ਨਹੀਂ। ਪਰਮੇਸ਼ੁਰ ਨੇ ਇਸ ਦਾ ਵਾਅਦਾ ਕੀਤਾ ਸੀ। ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ। ਯਕੀਨਨ। ਕੋਈ ਫ਼ਰਕ ਨਾ ਪੈਂਦਾ ਕਿ ਉਹ ਅਜੇ ਵੀ ਕੀ ਕਹਿੰਦੇ ਹਨ। ਪਰ, ਉਹ ਮਖੌਲ ਕਰਨਗੇ। ਇਹ ਵਚਨ ਦੀ ਨਿੰਦਾ ਹੈ।

167 ਅਬਰਾਹਾਮ, ਪਰਮੇਸ਼ੁਰ ਦੇ ਬਚਨ ਤੇ ਖੜ੍ਹਾ ਸੀ, ਅੰਤ ਵਿੱਚ ਇਹ ਪੂਰਾ ਹੋਇਆ। ਔਹ, ਮੇਰੇ!

168 ਬਾਂਝਪਨ ਦਾ ਮਜ਼ਾਕ ਉੱਡਦਾ ਹੋਇਆ ਦੇਖੋ। ਮਜ਼ਾਕ ਉਡਾਇਆ ਜਾ ਰਿਹਾ ਹੈ, ਅਤੇ ਪਹਿਲਾਂ, ਬਾਂਝਪਨ ਦੀ ਨਿੰਦਾ ਹੋਈ। ਉਨ੍ਹਾਂ ਕੋਲ…ਉਸ ਨੂੰ ਉਨ੍ਹਾਂ ਸਾਰੇ ਸਾਲਾਂ ਲਈ ਬਾਂਝ ਰਹਿਣ ਦੀ ਨਿੰਦਾ ਝੱਲਣੀ ਪਈ। ਉਸ ਦੀ ਉਮਰ ਸੌ ਸਾਲ ਦੇ ਕਰੀਬ ਸੀ। ਉਹ ਨੱਬੇ ਸਾਲ ਦੀ ਸੀ, ਪਰਮੇਸ਼ੁਰ ਦੇ ਬਚਨ ਦੇ ਨਾਲ ਜਿਸ ਨੇ ਕਿਹਾ ਸੀ ਕਿ ਉਹ *ਰਾਜਕੁਮਾਰੀ* ਵੀ ਹੋਵੇਗੀ, ਇਸ ਬੱਚੇ ਦੀ ਮਾਂ। ਅਤੇ ਉਹ ਅਤੇ ਅਬਰਾਹਾਮ, ਬਾਂਝ, ਉਨ੍ਹਾਂ ਦੋਵਾਂ ਦੇ—ਉਨ੍ਹਾਂ ਦੇ ਸਰੀਰ ਵੀ ਮੋਇਆਂ ਜਿਹੇ ਹੋ ਗਏ ਸਨ, ਪਰ ਫਿਰ ਵੀ ਉਨ੍ਹਾਂ ਨੇ ਕਦੇ ਵੀ ਉਸ ਵਚਨ ਤੇ ਸ਼ੱਕ ਨਹੀਂ ਕੀਤਾ, ਜਰਾ ਕੁ ਵੀ ਨਹੀਂ। ਪਰ ਪਹਿਲਾਂ ਉਨ੍ਹਾਂ ਨੂੰ ਇਸ ਗੱਲ ਦਾ ਸਾਹਮਣਾ ਕਰਨਾ ਪਿਆ। ਅਤੇ ਫਿਰ, ਹਲਲੂਯਾਹ, ਪਰਮੇਸ਼ੁਰ ਨੇ ਆਪਣਾ ਬਚਨ ਪੂਰਾ ਕੀਤਾ, ਉਸ ਹਨੇਰੇ ਦੀ ਘੜੀ ਵਿੱਚ: ਇਸਹਾਕ ਦਾ ਜਨਮ ਹੋਇਆ। "ਅਤੇ ਮੈਂ ਉਸਦੀ ਅੰਸ ਅਕਾਸ਼ ਦੇ ਤਾਰਿਆਂ ਜਿੰਨ੍ਹੀਂ ਅਰ ਸਮੁੰਦਰ ਦੇ ਕੰਢੇ ਦੀ ਰੇਤ ਵਾਂਙੁ ਹੋਵੇਗੀ।" ਸਮਝੇ? ਪਰਮੇਸ਼ੁਰ ਹਮੇਸ਼ਾ ਆਪਣੇ ਬਚਨ ਦਾ ਜਵਾਬ ਦਿੰਦਾ ਹੈ। ਹਾਂ। ਪਹਿਲਾਂ ਬਾਂਝਪਨ, ਫਿਰ ਇਸਹਾਕ।

169 ਜ਼ਕਰਯਾਹ ਅਤੇ ਇਲੀਸਬਤ, ਇਸੇ ਤਰ੍ਹਾਂ, ਉਹ ਬੁੱਢਾ ਆਦਮੀ ਅਤੇ ਬੁੱਢੀ ਔਰਤ ਸੀ, ਅਜੇ ਵੀ ਖੜ੍ਹੇ ਸਨ। ਅਤੇ ਜਦੋਂ ਜ਼ਕਰਯਾਹ ਉੱਥੇ ਆਇਆ, ਅਤੇ ਆਪਣੀ ਪੱਟੀ ਉੱਤੇ ਲਿਖ ਕੇ ਦੱਸਿਆ, ਅਤੇ ਕਿਹਾ, "ਇੱਕ ਦੂਤ ਮੈਨੂੰ ਮਿਲਿਆ, ਮੈਨੂੰ ਦੱਸਿਆ ਕਿ ਮੈਂ ਆਪਣੀ ਬੁੱਢੀ ਪਤਨੀ ਇਲੀਸਬਤ ਦੁਆਰਾ ਇੱਕ ਬੱਚੇ ਨੂੰ ਜਨਮ ਦੇਵਾਂਗਾ। ਮੈਂ ਗੱਲ ਨਹੀਂ ਕਰ ਸਕਦਾ। ਮੈਂ ਗੂੰਗਾ ਹਾਂ। ਮੈਂ ਉਸ ਦਿਨ ਤੱਕ ਗੂੰਗਾ ਰਹਾਂਗਾ ਜਦੋਂ ਤੱਕ ਬੱਚਾ ਜਨਮ ਨਹੀਂ ਲੈਂਦਾ। ਪਰ ਇੱਕ ਬਾਲਕ ਆ ਰਿਹਾ ਹੈ, ਅਤੇ ਉਹ ਅੱਤ ਮਹਾਨ ਦਾ ਨਬੀ ਹੋਵੇਗਾ। ਉਹ ਸਵੇਰ ਦੇ ਤਾਰੇ ਦੀ ਪਛਾਣ ਕਰਾਵੇਗਾ। ਉਹ ਮਸੀਹਾ ਦੇ ਅੱਗੇ ਆਉਣ ਵਾਲਾ ਹੈ।" ਇਹ ਕਿਵੇਂ ਹੋ ਸਕਦਾ ਹੈ?

170 ਕਈਆਂ ਨੇ ਕਿਹਾ, "ਵਿਚਾਰ ਬੁੱਢਾ ਆਦਮੀ। ਔਹ, ਮੇਰਾ—ਮੇਰਾ ਅੰਦਾਜ਼ਾ ਹੈ ਕਿ ਉਹ ਆਪਣੇ ਦਿਮਾਗ ਤੋਂ ਥੋੜਾ ਜਿਹਾ ਬਾਹਰ ਹੋ ਗਿਆ ਹੈ,

ਤੁਸੀਂ ਜਾਣਦੇ ਹੋ। ਇੱਥੇ ਥੋੜਾ ਜਿਹਾ ਕੁਝ ਹੈ। ਪਰ ਉਥੇ ਬੁੱਢੀ ਇਲੀਸਬਤ ਨੂੰ ਦੇਖੋ, ਜੋ ਅੱਸੀ ਦੇ ਕਰੀਬ ਸੀ। ਅਤੇ ਜ਼ਕਰਯਾਹ ਨੂੰ ਦੇਖੋ—ਦੇਖੋ—ਦੇਖੋ, ਬਹੁਤ ਜਿਆਦਾ ਬੁੱਢਾ ਅਤੇ ਕੰਬ ਰਿਹਾ ਹੈ, ਅਤੇ ਫਿਰ ਉਹ ਅਜਿਹਾ ਕੁਝ ਕਹਿਣ ਜਾ ਰਿਹਾ ਹੈ। ਖੈਰ, ਵਿਚਾਰ ਬੁੱਢਾ ਆਦਮੀ।"

171 ਪਰ ਉਸ ਕੋਲ ਪ੍ਰਭੂ ਦਾ ਬਚਨ ਸੀ। ਅਜਿਹੀ ਬਦਨਾਮੀ, ਇੱਥੋਂ ਤੱਕ ਉਸਨੇ ਕਈ ਦਿਨਾਂ ਲਈ ਆਪਣੇ ਆਪ ਨੂੰ ਲੁਕਾ ਰੱਖਿਆ। ਪਰ ਉਹ ਵਚਨ ਦੇ ਨਾਲ ਰਿਹਾ। ਔਹ, ਮੇਰੇ!

172 ਪ੍ਰਸਿੱਧੀ ਤੋਂ ਇਨਕਾਰ ਕੀਤਾ, ਪ੍ਰਸਿੱਧ ਰਾਏ ਤੋਂ ਇਨਕਾਰ ਕੀਤਾ, ਉਸ ਦਿਨ ਦੀ ਚਮਕ ਦਾ, ਅਤੇ ਆਪਣੇ ਦਿਨ ਦੇ ਰਿਵਾਜਾਂ ਅਤੇ ਚੀਜ਼ਾਂ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਇਸ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਅਵਿਸ਼ਵਾਸੀਆਂ ਦੀ ਭੀੜ ਨਾਲ ਚੱਲਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਸੰਸਾਰ ਦੀਆਂ ਚੀਜ਼ਾਂ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੂੰ ਇਹ ਕਰਨਾ ਪਿਆ, ਪਰਮੇਸ਼ੁਰ ਦੇ ਬਚਨ ਨਾਲ ਰਹਿਣ ਲਈ। ਉਨ੍ਹਾਂ ਨੂੰ ਇਹ ਕਰਨਾ ਪਿਆ।

173 ਅੱਜ ਵੀ ਅਜਿਹਾ ਹੀ ਹੈ। ਤੁਸੀਂ ਆਪਣੇ ਆਪ ਨੂੰ ਹਰ ਚੀਜ਼ ਤੋਂ ਵੱਖਰਾ ਕਰ ਲੈਂਦੇ ਹੋ ਸਿਵਾਏ ਤੁਸੀਂ ਅਤੇ ਪਰਮੇਸ਼ੁਰ। ਇਹ ਉਹ ਨਹੀਂ ਹੈ ਜੋ ਕਲੀਸਿਯਾ ਕਰਦੀ ਹੈ। ਇਹ ਉਹ ਹੈ ਜੋ ਤੁਸੀਂ ਪਰਮੇਸ਼ੁਰ ਨਾਲ ਕਰਦੇ ਹੋ। ਸਮਝੇ? ਇਹ ਤੁਸੀਂ ਹੋ, ਇੱਕ ਵਿਅਕਤੀ ਵਜੋਂ। ਹਾਂ।

174 ਪਰ ਦੇਖੋ ਪਰਮੇਸ਼ੁਰ ਨੇ ਉਸਨੂੰ ਕੀ ਦਿੱਤਾ। ਜਦੋਂ ਯਿਸੂ ਖੁਦ ਆਇਆ, ਜ਼ਕਰਯਾਹ ਮਰ ਗਿਆ ਸੀ, ਅਤੇ ਇਲੀਸਬਤ ਵੀ। ਪਰ ਜਦੋਂ ਉਨ੍ਹਾਂ ਦਾ ਪੁੱਤਰ ਉਜਾੜ ਵਿੱਚ ਆਇਆ, **ਯਹੋਵਾਹ ਇੰਝ ਫ਼ਰਮਾਉਂਦਾ ਹੈ** ਦੇ ਨਾਲ, ਯਿਸੂ ਨੇ ਕਿਹਾ, "ਤੀਵੀਂ ਤੋਂ ਜੰਮਿਆ ਕੋਈ ਵੀ ਮਨੁੱਖ ਉਸ ਤੋਂ ਮਹਾਨ ਨਹੀਂ ਸੀ।" ਆਮੀਨ। ਕੀ? ਉਸ ਨੂੰ ਬਾਂਝਪਨ ਦੀ ਨਿੰਦਾ ਝੱਲਣੀ ਪਈ। ਉਹ ਵਚਨ ਨਾਲ ਰੁਕੀ ਰਹੀ, ਅਤੇ ਅਜਿਹੇ ਪੁੱਤਰ ਨੂੰ ਜਨਮ ਦਿੱਤਾ।

175 ਬੁੱਢੀ ਸਾਰਾਹ ਵਾਂਗ, ਬੁੱਢੇ ਅਬਰਾਹਾਮ ਵਾਂਗ, ਇਸ ਬੁੱਢੇ ਜੋੜੇ ਨੇ ਇਸ ਨੂੰ ਫੜੀ ਰੱਖਿਆ। ਦੇਖੋ, ਸਭ ਤੋਂ ਵੱਧ ਜੋ ਕਦੇ ਪੈਦਾ ਹੋਏ ਸਨ, "ਸਮੁੰਦਰ ਦੀ ਰੇਤ ਵਾਂਗ," ਦੁਨੀਆਂ ਵਿੱਚ ਕੋਈ ਐਸੀ ਨਸਲ ਨਹੀਂ ਹੈ ਜਿਨ੍ਹਾਂ ਦੀ ਗਿਣਤੀ ਯਹੂਦੀਆਂ ਜਿੰਨੀ ਹੋਵੇ। "ਜਿਵੇਂ ਸਮੁੰਦਰ ਦੀ ਰੇਤ ਜਾਂ ਅਸਮਾਨ ਦੇ ਤਾਰੇ।" ਕੀ ਹੋਇਆ ਸੀ? ਇਹ ਘੱਟ ਗਿਣਤੀ ਤੋਂ ਸ਼ੁਰੂ ਹੋਇਆ, ਇੱਕ ਬਾਲਕ ਤੋਂ।

176 ਹੁਣ ਤੁਸੀਂ ਦੇਖ ਰਹੇ ਹੋ ਕਿ ਮੈਂ ਕਿੱਥੇ ਜਾ ਰਿਹਾ ਹਾਂ। ਇੱਕ ਬਾਲਕ, ਇਸ ਤੋਂ ਹੀ ਹੋਇਆ। ਕੌਮਾਂ ਨੂੰ ਹਿਲਾ ਦੇਣ ਅਤੇ ਮਸੀਹਾ ਵੱਲ ਇਸ਼ਾਰਾ ਕਰਨ ਲਈ ਕੇਵਲ ਇੱਕ ਇਹ ਬਾਲਕ ਲੱਗਾ। ਇੱਕ ਲੱਗਾ, ਜੋ ਆਗਿਆਕਾਰੀ ਸੀ। ਇਹ

ਠੀਕ ਹੈ। ਪਰਮੇਸ਼ੁਰ ਨੂੰ ਸਿਰਫ਼ ਇੱਕ ਆਦਮੀ ਦੀ ਲੋੜ ਹੈ। ਉਸਨੂੰ ਬੱਸ ਇੰਨਾ ਹੀ ਚਾਹੀਦਾ ਹੈ, ਤਾਂ ਜੋ ਕਿਤੇ ਉਹ ਆਪਣੀ ਆਵਾਜ਼ ਪਹੁੰਚਾ ਸਕੇ। ਇਹੀ ਸਭ ਉਹ ਚਾਹੁੰਦਾ ਹੈ, ਇੱਕ ਆਦਮੀ ਨੂੰ ਉਸਦੇ ਨਿਯੰਤਰਣ ਵਿੱਚ ਲਵੇ। ਓਹ, ਉਹ ਇੱਕ ਆਦਮੀ ਨੂੰ ਲੈਣਾ ਕਿੰਨਾ ਪਸੰਦ ਕਰਦਾ ਹੈ!

177 ਉਸ ਨੇ ਇੱਕ ਵਾਰ ਨੂਹ ਨੂੰ ਲਿਆ। ਉਸ ਨੇ ਇੱਕ ਵਾਰ, ਇੱਕ—ਇੱਕ ਮੂਸਾ ਨੂੰ ਲਿਆ। ਉਸ ਨੇ ਇੱਕ—ਇੱਕ ਯਿਰਮਿਯਾਹ ਨੂੰ ਲਿਆ। ਉਸ ਨੇ ਇੱਕ—ਇੱਕ ਏਲੀਯਾਹ ਨੂੰ ਲਿਆ। ਉਸ ਨੇ ਇੱਕ ਅਲੀਸ਼ਾ ਨੂੰ ਲਿਆ। ਉਸਨੇ ਇੱਕ ਯੂਹੰਨਾ ਨੂੰ ਲਿਆ। ਉਹ—ਉਹ ਲੈਂਦਾ ਹੈ...ਉਸ ਨੇ ਇੱਕ ਸਮਸੂਨ ਨੂੰ ਲਿਆ। ਜਿੰਨਾ ਚਿਰ ਉਹ ਇੱਕ ਆਦਮੀ ਨੂੰ ਆਪਣੇ ਨਿਯੰਤਰਣ ਵਿੱਚ ਰੱਖ ਸਕਦਾ ਹੈ, ਇਹ ਉਸਦੀ ਆਵਾਜ਼ ਹੁੰਦੀ ਹੈ। ਉਹ ਇਸ ਰਾਹੀਂ ਬੋਲ ਸਕਦਾ ਹੈ। ਓਹ ਸੰਸਾਰ ਨੂੰ ਦੋਸ਼ੀ ਠਹਿਰਾ ਸਕਦਾ ਹੈ। ਓਹ, ਮੇਰੇ!

178 ਉਹ ਕਿਵੇਂ ਭੁੱਖਾ ਰਹਿੰਦਾ ਅਤੇ ਜੋਰ ਮਰਦ ਹੈ, ਮਨੁੱਖ ਨੂੰ ਆਪਣੇ ਵੱਸ ਵਿਚ ਕਰਨ ਲਈ, "ਕਿ ਮੈਂ ਉਸ ਰਾਹੀਂ ਬੋਲ ਸਕਾਂ। ਮੈਂ ਆਪਣੀ ਆਵਾਜ਼ ਨੂੰ ਜਾਣੂ ਕਰਵਾ ਸਕਾਂ। ਹਾਲਾਂਕਿ ਉਸ ਨੂੰ ਨਿੰਦਾ ਦਾ ਸਾਹਮਣਾ ਕਰਨਾ ਪਵੇਗਾ, ਪਰ ਮੈਂ ਆਪਣੀ ਆਵਾਜ਼ ਨੂੰ ਜਾਣੂ ਕਰਾਵਾਂਗਾ।" ਵੇਖਿਆ? ਓਹ, ਹਾਂ।

179 ਪਹਿਲਾਂ, ਬਾਂਝਪਨ। ਬਾਂਝ ਹੋਣਾ ਪੈਂਦਾ ਹੈ, ਬਾਂਝਪਨ ਦੀ ਨਿੰਦਾ ਦੀ ਨਿੰਦਾ ਲਈ ਖੜ੍ਹੇ ਰਹਿਣਾ ਪੈਂਦਾ ਹੈ। ਸਾਰਾਹ ਨੂੰ ਇਸ ਲਈ ਖੜ੍ਹੀ ਰਹਿਣਾ ਪਿਆ। ਇਸੇ ਠਰਨ ਲਈ ਜ਼ਕਰਯਾਹ ਅਤੇ ਇਲੀਸਬਤ ਨੂੰ ਵੀ ਇਸ ਲਈ ਖੜ੍ਹੇ ਰਹਿਣਾ ਪਿਆ।

180 ਦੇਖੋ, ਅੱਜ। ਹੁਣ ਮੈਂ ਕੁਝ ਕਹਿਣ ਜਾ ਰਿਹਾ ਹਾਂ। ਅੱਜ ਕੰਜਰੀ ਦੇ ਬੱਚਿਆਂ ਨੂੰ ਦੇਖੋ। ਉਸਨੇ ਕੌਮਾਂ ਨੂੰ ਸੰਪਰਦਾ ਦੇ ਰਾਜਨੀਤਿਕ ਸ਼ਾਸਨ ਦੇ ਅਧੀਨ ਕਰ ਦਿੱਤਾ ਹੈ, ਕੰਜਰੀ ਅਤੇ ਉਸਦੀਆਂ ਧੀਆਂ। ਦੇਖੋ ਕਿਹੋ ਜਿਹੀਆਂ ਸੰਪਰਦਾਵਾਂ ਦੀ ਪੀੜ੍ਹੀ ਪੈਦਾ ਹੋਈ, ਅਤੇ ਧਰਮੀ ਕਿੰਨੇ ਘੱਟ ਹਨ। ਤੁਸੀਂ ਚਿੰਤਾ ਨਾ ਕਰੋ। ਵਚਨ ਦੇ ਨਾਲ ਰਹੋ। ਸਭ ਠੀਕ ਹੈ।

181 ਤੁਹਾਡਾ ਮਜ਼ਾਕ ਉਡਾਇਆ ਜਾ ਸਕਦਾ ਹੈ, ਪਵਿੱਤਰ-ਪਖੰਡੀ ਕਿਹਾ ਜਾ ਸਕਦਾ ਹੈ। ਤੁਹਾਨੂੰ ਕਿਸੇ ਵੀ ਕਿਸਮ ਦਾ, ਭੈੜਾ ਨਾਮ ਦਿੱਤਾ ਜਾ ਸਕਦਾ ਹੈ। ਪਰ, ਉੱਥੇ ਹੀ ਰਹੋ, ਇਹ ਵਚਨ ਹੈ, ਵਚਨ ਦੀ ਨਿੰਦਾ, ਉਹ ਚੀਜ਼ ਜੋ ਉਹ ਤੁਹਾਡੇ ਬਾਰੇ ਕਹਿਣਗੇ।

182 ਇੱਕ ਨੌਜਵਾਨ ਸਾਥੀ, ਉਹ ਅੱਜ ਸਵੇਰੇ ਇੱਥੇ ਹੋ ਸਕਦਾ ਹੈ। ਉਹ ਮੇਰਾ ਦੋਸਤ ਹੈ; ਜਿਮ ਪੂਲ, ਨੌਜਵਾਨ ਜਿਮ, ਅਤੇ ਉਸ—ਉਸ ਦੇ ਲੋਕ। ਉਸ ਦਿਨ ਉਸ ਨੂੰ ਪੁੱਛਿਆ ਗਿਆ। ਅੱਛਾ, ਉਸ ਨੇ ਇੱਥੇ ਬਪਤਿਸਮਾ ਲਿਆ ਸੀ। ਕਿਸੇ

ਨੇ ਉਸ ਨੂੰ ਕਿਹਾ, ਕਿਹਾ, "ਜੇ ਤੁਸੀਂ ਇੱਕ ਕਲੀਸਿਯਾ ਵਿੱਚ ਬਪਤਿਸਮਾ ਲੈਣ ਜਾ ਰਹੇ ਸੀ, ਤਾਂ ਤੁਹਾਨੂੰ ਇੱਕ ਵੱਡੀ ਕਲੀਸਿਯਾ ਕਿਉਂ ਨਹੀਂ ਮਿਲੀ, ਅਜਿਹਾ ਕੁਝ?" ਦੇਖੋ? ਪਰ ਉਸਨੇ ਪ੍ਰਕਾਸ਼ ਨੂੰ ਦੇਖਿਆ। ਇਹੀ ਗੱਲ ਸੀ। ਸਮਝੇ?

183 "ਅਧਰਮ ਦੇ ਪੁੱਤ੍ਰ ਧਰਮ ਦੇ ਪੁੱਤ੍ਰਾਂ ਨਾਲੋਂ ਕਿਤੇ ਵੱਧ ਹਨ।" ਹਾਂ। ਠੀਕ ਹੈ। ਉਹ ਕਿੰਨੇ ਥੋੜੇ ਹਨ, ਧਰਮ ਦੇ! ਦੇਖੋ ਕਿ ਨੂਹ ਦੇ ਦਿਨ ਵਿਚ ਇਹ ਥੋੜੇ ਜਿਹੜੇ ਮੁੱਠੀ ਭਰ ਹੀ ਸਨ। ਸਮਝੇ? ਵੇਖੋ ਇਹ ਸਦੂਮ ਦੇ ਦਿਨਾਂ ਵਿੱਚ ਕਿਸ ਤਰ੍ਹਾਂ ਸੀ। ਵੇਖਿਆ? ਧਰਮੀ ਕਿੰਨੇ ਥੋੜੇ ਹਨ!

184 ਕੰਜਰੀ ਦੇ ਬੱਚੇ ਕਿੰਨੇ ਜਿਆਦਾ ਹਨ! ਉਹ ਬੱਚਿਆਂ ਨੂੰ ਬਸ ਕਿਸੇ ਵੀ ਪੁਰਾਣੇ ਤਰੀਕੇ ਨਾਲ ਲਿਆਉਂਦੀ ਹੈ, ਪਰ ਉਹ ਸਾਰੇ ਹੀ ਹਰਾਮ ਦੀ ਔਲਾਦ ਹਨ। ਕੰਜਰੀ, ਕੰਜਰੀ ਨੂੰ ਹੀ ਪੈਦਾ ਕਰਦੀ ਹੈ। ਕੁੱਤਾ, ਕੁੱਤੇ ਨੂੰ ਹੀ ਲਿਆਉਂਦਾ ਹੈ।

185 ਅਤੇ ਮਸੀਹ ਮਸਹ ਕੀਤੇ ਹੋਏ ਲੋਕਾਂ ਨੂੰ ਲਿਆਉਂਦਾ ਹੈ। ਬਾਈਬਲ ਧਰਮੀ ਲੋਕਾਂ ਨੂੰ ਅੱਗੇ ਲਿਆਉਂਦੀ ਹੈ, ਇਸ ਲਈ ਸਾਨੂੰ ਇੱਕ ਛੋਟਾ ਜਿਹਾ ਝੁੰਡ ਹੋਣ ਦੇ ਵਿਚਾਰ ਲਈ ਖੜ੍ਹੇ ਰਹਿਣਾ ਪਵੇਗਾ। ਇਹ ਕਿੰਨੀ ਕਿਰਪਾ ਨਾਲ ਭਰੀ ਹੋਈ ਚੀਜ਼ ਹੈ!

186 ਅਫ਼ਸੀਆਂ ਦੀ ਮਹਾਨ ਕਲੀਸਿਯਾ ਨੂੰ ਦੇਖੋ, ਇਸ ਵਿੱਚ ਸਿਰਫ਼ ਬਾਰਾਂ ਲੋਕ ਸਨ। ਹਾਂ। ਦੇਖੋ ਅੱਜ ਸਾਡੇ ਕੋਲ ਕਿਹੜਾ ਝੁੰਡ ਹੈ, ਉਹਨਾਂ ਦੇ ਪੱਖ ਵਿੱਚ। ਹਾਂ।

ਨੂਹ ਦੇ ਦਿਨਾਂ ਵਿਚ ਸਿਰਫ਼ ਅੱਠ ਹੀ ਪ੍ਰਾਣ ਸਨ।

187 ਲੂਤ ਦੇ ਦਿਨਾਂ ਵਿੱਚ ਸਿਰਫ਼ ਪੰਜ ਹੀ ਸਨ, ਨਹੀਂ, ਚਾਰ ਸਨ; ਲੂਤ ਅਤੇ ਉਸ ਦੀ ਪਤਨੀ, ਉਸ ਦੀਆਂ ਦੋ ਧੀਆਂ। ਅਤੇ ਉਹ ਬਾਹਰ ਨਿਕਲਣ ਤੋਂ ਬਾਅਦ, ਪਿੱਛੇ ਦੇਖਣ ਕਰਕੇ, ਇੱਕ ਪੱਥਰ ਦੇ ਥੰਮ੍ਹ ਵਿੱਚ ਬਦਲ ਗਈ। ਦਰਅਸਲ, ਉਸ ਦਿਨ ਤਿੰਨ ਲੋਕ ਬਾਹਰ ਆਏ ਸਨ।

188 ਅਤੇ ਯਿਸੂ ਨੇ ਕਿਹਾ, "ਜਿਵੇਂ ਉਨ੍ਹਾਂ ਦਿਨਾਂ ਵਿੱਚ ਸੀ।" ਇਹ ਸਾਡੇ ਲਈ ਹੈ ਕਿ ਅਸੀਂ ਵੇਖੀਏ ਅਤੇ ਸਾਵਧਾਨ ਹੋ ਜਾਈਏ। ਧਰਮੀ ਕਿੰਨੇ ਥੋੜੇ ਹਨ! ਪਰ, ਹਮੇਸ਼ਾ ਵਾਂਗ, ਜਰੂਰੀ ਹੈ ਕਿ ਮਖੌਲੀਏ ਨਿੰਦਾ ਕਰਨ। ਬਾਂਝ-...ਪਹਿਲਾਂ, ਬਾਂਝਪਨ ਦੀ ਨਿੰਦਾ ਲਈ ਖੜ੍ਹੇ ਰਹੋ। ਮੇਰੇ!

189 ਮੈਨੂੰ ਹੁਣ ਜਲਦਬਾਜ਼ੀ ਕਰਨੀ ਪਵੇਗੀ। ਮੈਂ ਹਾਂ...ਮੈਂ ਨਹੀਂ...ਇਹਨਾਂ ਬੱਚਿਆਂ ਦੀ ਮਦਦ ਕਰਨਾ ਚਾਹੁੰਦਾ ਹਾਂ। ਬਸ ਮੇਰੇ ਨਾਲ ਥੋੜਾ ਜਿਹਾ ਸਬਰ ਕਰੋ। ਸਮਝੇ?

190 ਆਦਮੀ ਹਮੇਸ਼ਾ ਹੀ ਇੱਕੋ ਜਿਹੇ ਹੀ ਹੁੰਦੇ ਹਨ। ਹੁਣ ਮੈਂ ਦੁਬਾਰਾ ਕੁਝ ਕਹਿਣ ਜਾ ਰਿਹਾ ਹਾਂ। ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ…ਅਤੇ ਮੈਨੂੰ ਨਹੀਂ ਪਤਾ ਕਿ ਇਹ ਟੇਪ ਕੀਤਾ ਜਾ ਰਿਹਾ ਹੈ, ਜਾਂ ਨਹੀਂ। ਪਰ ਜੇ ਇਹ ਟੇਪ ਉੱਤੇ ਹੈ, ਤਾਂ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਸੁਣੋ, ਤੁਸੀਂ ਜਿਹੜੇ ਟੇਪ ਤੇ ਸੁਣ ਰਹੇ ਹੋ। ਤੁਸੀਂ ਇਸ ਤੋਂ ਖੁੰਝ ਨਾ ਜਾਣਾ, ਪਰ ਇਸਦਾ ਅਧਿਐਨ ਕਰਨਾ। ਹੁਣ ਆਦਮੀ ਅਜਿਹਾ ਹੈ ਜਿਵੇਂ ਉਹ ਹਮੇਸ਼ਾ ਰਿਹਾ ਹੈ। ਉਹ ਪਰਮੇਸ਼ੁਰ ਦੀ ਉਸਤਤਿ ਕਰਦਾ ਹੈ, ਉਸ ਲਈ ਜੋ ਉਸਨੇ ਕੀਤਾ ਹੈ; ਅੱਗੇ ਵੇਖਦਾ ਹੈ ਕਿ ਉਹ ਕੀ ਕਰੇਗਾ; ਅਤੇ ਨਜ਼ਰਅੰਦਾਜ਼ ਕਰਦਾ ਹੈ ਜੋ ਉਸ ਨੇ ਜੋ ਕੀਤਾ ਹੈ ਅਤੇ ਕਰ ਰਿਹਾ ਹੈ। ਉਹ ਪਰਮੇਸ਼ੁਰ ਦੀ ਉਸਤਤਿ ਕਰਦਾ ਹੈ ਜੋ ਉਸਨੇ ਕੀਤਾ ਹੈ; ਅੱਗੇ ਵੇਖਦਾ ਹੈ ਕਿ ਉਹ ਕੀ ਕਰੇਗਾ; ਪਰ ਉਹ ਉਸ ਨੂੰ ਨਜ਼ਰਅੰਦਾਜ਼ ਕਰਦਾ ਹੈ ਜੋ ਪਰਮੇਸ਼ੁਰ ਕਰ ਰਿਹਾ ਹੈ, ਅਤੇ ਉੱਥੇ ਉਹ ਸਾਰੀ ਚੀਜ਼ ਤੋਂ ਖੁੰਝ ਜਾਂਦਾ ਹੈ। ਮੈਨੂੰ ਉਮੀਦ ਹੈ ਕਿ ਉਹ ਇਸ ਨੂੰ ਸਮਝ ਜਾਣਗੇ। ਸਮਝੇ? ਉਹ ਨਜ਼ਰਅੰਦਾਜ਼ ਹੀ ਕਰ ਰਿਹਾ ਹੈ! ਉਹ ਜਾਣਦਾ ਹੈ ਕਿ ਉਸਨੇ ਕੀ ਕੀਤਾ ਹੈ; ਅਤੇ ਉਹ ਵਾਅਦਾ ਜਾਣਦਾ ਹੈ ਕਿ ਉਹ ਕੀ ਕਰੇਗਾ; ਪਰ ਉਹ ਇਹ ਦੇਖਣ ਵਿੱਚ ਅਸਫਲ ਰਹਿੰਦਾ ਹੈ ਕਿ ਉਹ ਕੀ ਕਰ ਰਿਹਾ ਹੈ।

191 ਔਹ, ਤੁਸੀਂ ਪੈਂਟੇਕੋਸਟਲੋ, ਕੀ ਤੁਸੀਂ ਇਸ ਦੀ ਉਦਾਹਰਣ ਨਹੀਂ ਹੋ! ਤੁਸੀਂ ਕੁਝ ਵਾਪਰਨ ਦੀ ਉਡੀਕ ਕਰ ਰਹੇ ਹੋ: ਹਮੇਸ਼ਾ ਵਾਂਗ, ਇਹ ਠੀਕ ਤੁਹਾਡੇ ਸਾਹਮਣੇ ਹੋਇਆ, ਅਤੇ ਤੁਸੀਂ ਇਹ ਨਹੀਂ ਜਾਣਦੇ। "ਮੈਂ ਕਿੰਨੀ ਵਾਰੀ ਚਾਹਿਆ ਜੋ ਤੈਨੂੰ ਉਸ ਤਰ੍ਹਾਂ ਇਕੱਠੇ ਕਰਾਂ, ਜਿਸ ਤਰਾਂ ਕੁੱਕੜੀ ਆਪਣੇ ਬੱਚਿਆਂ ਨੂੰ ਖੰਭਾਂ ਦੇ ਹੇਠ ਇਕੱਠੇ ਕਰਦੀ ਹੈ, ਪਰ ਤੁਸਾਂ ਨਾ ਚਾਹਿਆ।" ਤੁਸੀਂ ਉਸ ਦੇ ਬਚਨ ਅਤੇ ਉਸ ਦੀ ਆਤਮਾ ਦੇ ਬਜਾਏ ਆਪਣੀਆਂ ਪਰੰਪਰਾਵਾਂ ਅਤੇ ਸੰਪਰਦਾਵਾਂ ਬਾਰੇ ਜਿਆਦਾ ਸੋਚਿਆ ਹੈ। ਹਾਂ।

192 ਮਰਿਯਮ ਲਈ ਕਿਹੋ ਜਿਹੀ ਨਿੰਦਾ ਰਹੀ ਹੋਵੇਗੀ! (ਜਦ ਅਸੀਂ ਸਮਾਪਤ ਕਰ ਰਹੇ ਹਾਂ।) ਮਰਿਯਮ ਅਤੇ ਯੂਸੁਫ਼ ਲਈ, ਉਸਦੇ ਬਚਨ ਕਰਕੇ ਕਿੰਨੀ ਨਿੰਦਾ ਹੋਈ ਹੋਵੇਗੀ! ਇਹ ਕ੍ਰਿਸਮਸ ਦਾ ਸਮਾਂ ਹੈ। ਮੈਂ ਯੋਜਨਾ ਬਣਾ ਰਿਹਾ ਸੀ ਕਿ ਇਸ ਤੇ ਥੋੜਾ ਚਿਰ ਰੁਕਾਂ, ਪਰ ਤੁਸੀਂ ਇਸ ਬਾਰੇ ਬਹੁਤ ਕੁਝ ਰੇਡੀਓ ਅਤੇ ਪਾਦਰੀਆਂ ਵਿਚਕਾਰ, ਇਸ ਨੂੰ ਜਿਆਦਾ ਸੁਣੋਗੇ। ਮਰਿਯਮ ਅਤੇ ਯੂਸੁਫ਼ ਦੀ, ਪਰਮੇਸ਼ੁਰ ਦੇ ਵਚਨ ਤੇ ਕਾਇਮ ਰਹਿਣ ਲਈ ਕਿੰਨੀ ਨਿੰਦਾ ਹੋਈ ਹੋਵੇਗੀ! ਹੁਣ, ਯਾਦ ਰੱਖੋ। ਅਤੇ ਨਿੰਦਾ ਕਰਨ ਵਾਲੇ ਨੇ, ਭਰਵੱਟਿਆਂ ਨੂੰ ਚੁੱਕਿਆ, ਜਦੋਂ ਉਨ੍ਹਾਂ ਨੇ ਛੋਟੀ ਮਰਿਯਮ, ਯੂਸੁਫ਼ ਨੂੰ ਲੰਘਦੇ ਹੋਏ ਵੇਖਿਆ। "ਤੁਸੀਂ ਇੱਕ ਵੇਸਵਾ ਨਾਲ ਵਿਆਹ ਕਰ ਰਿਹਾ ਹੈਂ।" ਵੇਖਿਆ? ਅਤੇ ਯਾਦ ਰੱਖੋ, ਭਾਈ, ਉਨ੍ਹਾਂ ਦਿਨਾਂ ਵਿੱਚ ਵਿਭਚਾਰ ਕਰਨ ਦੀ ਸਜਾ ਮੌਤ ਸੀ। "ਹੁਣ, ਤੁਸੀਂ ਉਸ ਨੂੰ

ਮਰਨ ਤੋਂ ਬਚਾ ਰਹੇ ਹੋ। ਉਹ ਤੇਰੇ ਦੁਆਰਾ ਮਾਂ ਬਣੇਗੀ।" ਅਤੇ, ਪਰ, ਯਾਦ ਰੱਖੋ, ਹਰ ਸਮੇਂ, ਪਰਮੇਸ਼ੁਰ ਉਨ੍ਹਾਂ ਨਾਲ ਨਜਿੱਠ ਰਿਹਾ ਸੀ, ਅਤੇ ਇਹ ਬਚਨ ਦੇ ਅਨੁਸਾਰ ਸੀ। ਅਤੇ ਉਹ ਇਸ ਨੂੰ ਨਹੀਂ ਜਾਣਦੇ ਸਨ। ਸਮਝੇ?

193 "ਇੱਕ ਕੁਆਰੀ ਗਰਭਵਤੀ ਹੋਵੇਗੀ।" ਯੂਸੁਫ਼ ਨੂੰ ਇਹ ਪਤਾ ਸੀ। ਮਰਿਯਮ ਇਹ ਜਾਣਦੀ ਸੀ, ਕਿਉਂਕਿ, ਬਚਨ ਲਿਖੇ ਜਾਣ ਤੋਂ ਬਾਅਦ, ਇੱਕ ਦੂਤ ਉਨ੍ਹਾਂ ਨਾਲ ਗੱਲ ਕਰ ਰਿਹਾ ਸੀ, ਪ੍ਰਮਾਣਿਤ ਕਰ ਰਿਹਾ ਸੀ, ਜਾਂ ਉਸ ਵਚਨ ਨੂੰ ਪ੍ਰਗਟ ਕਰ ਰਿਹਾ ਸੀ ਜੋ ਲਿਖਿਆ ਗਿਆ ਸੀ, ਜੋ ਹੋਣ ਵਾਲਾ ਸੀ। ਹੁਣ ਸੁਪਨੇ ਨਾ ਵੇਖੋ। ਸੋਚੋ। ਪਵਿੱਤਰ ਆਤਮਾ ਧਰਤੀ ਉੱਤੇ ਹੇਠਾਂ ਆ ਗਿਆ; ਕਦੇ ਵੀ ਸਾਰੀ ਮੰਡਲੀ ਨਾਲ ਗੱਲ ਨਹੀਂ ਕੀਤੀ। ਉਸ ਨੇ ਉਨ੍ਹਾਂ ਨਾਲ ਗੱਲ ਕੀਤੀ।

194 ਯੂਸੁਫ਼ ਨੇ ਦੇਖਿਆ। ਅਤੇ ਦੂਤ ਨੂੰ ਮਿਲਣ ਤੋਂ ਪਹਿਲਾਂ, ਉਸਨੇ ਕਿਹਾ, "ਖੈਰ, ਹੁਣ, ਮੈਂ ਉਸਨੂੰ ਪਿਆਰ ਕਰਦਾ ਹਾਂ। ਪਰ, ਮੈਂ ਇੱਕ ਧਰਮੀ ਆਦਮੀ ਹਾਂ। ਮੈਂ ਅਜਿਹੀ ਔਰਤ ਨਾਲ ਵਿਆਹ ਨਹੀਂ ਕਰ ਸਕਦਾ।"

195 ਅਤੇ ਪ੍ਰਭੂ ਦੇ ਦੂਤ ਨੇ ਉਸਨੂੰ ਸੁਪਨੇ ਵਿੱਚ ਦਰਸ਼ਨ ਦਿੱਤਾ ਅਤੇ ਕਿਹਾ, "ਯੂਸੁਫ਼, ਦਾਊਦ ਦੇ ਪੁੱਤਰ, ਆਪਣੀ ਪਤਨੀ ਮਰਿਯਮ ਨੂੰ ਆਪਣੇ ਕੋਲ ਲੈ ਜਾਣ ਤੋਂ ਨਾ ਡਰ, ਕਿਉਂਕਿ ਜੋ ਉਸ ਦੇ ਗਰਭ ਵਿੱਚ ਹੈ ਉਹ ਪਵਿੱਤਰ ਆਤਮਾ ਤੋਂ ਹੈ।" ਔਹ, ਮੇਰੇ! ਕਿਹੋ ਜਿਹਾ ਦਿਲਾਸਾ ਹੈ! ਵੇਖਿਆ?

196 ਅਤੇ, ਮਰਿਯਮ, ਖੂਹ ਵੱਲ ਜਾ ਰਹੀ ਸੀ। ਛੋਟੀ ਕੁਆਰੀ, ਲਗਭਗ ਸਤਾਰਾਂ, ਅਠਾਰਾਂ ਸਾਲਾਂ ਦੀ, ਇੱਕ ਆਦਮੀ ਨਾਲ ਵਿਆਹ ਕਰ ਰਹੀ ਸੀ ਜੋ ਪਹਿਲਾਂ ਵਿਆਹਿਆ ਹੋਇਆ ਸੀ ਅਤੇ ਉਸਦੇ ਚਾਰ ਬੱਚੇ ਸਨ; ਇੱਕ ਬੁੱਢਾ ਆਦਮੀ। ਅਤੇ ਉਹ ਸੀ...ਉਹ ਉਸਨੂੰ ਪ੍ਰੇਮ ਕਰਦੀ ਸੀ, ਅਤੇ—ਅਤੇ ਉਸਨੂੰ ਨਹੀਂ ਪਤਾ ਕਿ ਕਿਉਂ। ਅਤੇ ਉਹ ਉਸਨੂੰ ਪ੍ਰੇਮ ਕਰਦਾ ਸੀ, ਅਤੇ ਉਸਨੂੰ ਨਹੀਂ ਪਤਾ ਕਿ ਕਿਉਂ। ਅਤੇ ਇੱਥੇ ਉਹ ਸਨ। ਖੂਹ ਤੇ ਆ ਰਹੇ ਸਨ, ਜਾ ਰਹੇ ਸਨ, ਪਾਣੀ ਲੈਣ ਲਈ, ਅਤੇ ਉਹ—-ਉਹ ਸਾਰੀਆਂ ਚੀਜ਼ਾਂ ਬਾਰੇ ਸੋਚ ਰਹੀ ਸੀ ਜਿਨ੍ਹਾਂ ਦਾ ਉਸ ਨੇ ਅਧਿਐਨ ਕੀਤਾ ਸੀ, ਲਿਖਤਾਂ ਬਾਰੇ, ਕੋਈ ਸ਼ੱਕ ਨਹੀਂ, ਅਤੇ ਫਿਰ ਇੱਕ ਜੋਤ ਉਸਦੇ ਸਾਹਮਣੇ ਚਮਕੀ। ਜਦੋਂ ਉਹ ਜੋਤ ਚਮਕੀ, ਉੱਥੇ ਇੱਕ ਦੂਤ ਖੜ੍ਹਾ ਸੀ।

197 ਸੋਚੋ ਕਿ ਛੋਟੀ ਮਰਿਯਮ ਨੇ ਕਿਸ ਤਰ੍ਹਾਂ ਮਹਿਸੂਸ ਕੀਤਾ ਹੋਵੇਗਾ? ਕੀ ਤੁਸੀਂ ਕਦੇ ਇਸ ਬਾਰੇ ਸੋਚਿਆ ਹੈ? ਮੈਂ ਸੋਚ ਰਿਹਾ ਹਾਂ ਕਿ ਕੀ ਉਹ ਵੀ ਓਨੀ ਹੀ ਡਰੀ ਹੋਈ ਸੀ ਜਿਨ੍ਹਾਂ ਕੱਲ੍ਹ ਮੈਂ ਡਰਿਆ ਹੋਇਆ ਸੀ।

198 "ਹੇਲ, ਮਰਿਯਮ!" ਹੇਲ ਦਾ ਮਤਲਬ ਹੈ "ਰੁਕੋ।" "ਜੋ ਮੈਂ ਤੁਹਾਨੂੰ ਦੱਸਣ

ਜਾ ਰਿਹਾ ਹਾਂ ਉਸ ਵੱਲ ਧਿਆਨ ਦਿਓ। ਤੂੰ ਤੀਵੀਆਂ ਵਿੱਚੋਂ ਧੰਨ ਹੈਂ, ਕਿਉਂਕਿ ਪਰਮੇਸ਼ੁਰ ਦੀ ਕਿਰਪਾ ਤੇਰੇ ਤੇ ਹੋਈ ਹੈ, ਅਤੇ ਤੂੰ ਇੱਕ ਬਾਲਕ ਨੂੰ ਜਣੇਂਗੀ। ਕਿਸੇ ਵੀ ਪੁਰਖ ਨੂੰ ਜਾਣੇ ਬਗੈਰ, ਪਰ ਤੂੰ ਇੱਕ ਬਾਲਕ ਨੂੰ ਜਣੇਂਗੀ। ਤੇਰੀ ਸਾਕ ਇਲੀਸਬਤ ਵੀ, ਬੁਢੇਪੇ ਵਿੱਚ, ਉਹ ਵੀ ਗਰਭਵਤੀ ਹੈ ਅਤੇ ਉਸ ਨੂੰ ਇੱਕ ਪੁੱਤ੍ਰ ਹੋਣ ਵਾਲਾ ਹੈ। ਅਤੇ ਇਹ ਨਿਸ਼ਾਨ ਹੋਣਗੇ।"

ਉਸ ਨੇ ਕਿਹਾ, "ਇਹ ਕਿੱਕੁਰ ਹੋਵੇਗਾ, ਇਹ ਜਾਣਦੇ ਹੋਏ, ਕਿ ਮੈਂ ਕਿਸੇ ਪੁਰਸ਼ ਨੂੰ ਨਹੀਂ ਜਾਣਦੀ?"

199 ਉਸ ਨੇ ਕਿਹਾ, "ਪਵਿੱਤਰ ਆਤਮਾ ਤੇਰੇ ਉੱਤੇ ਛਾਇਆ ਕਰੇਗਾ। ਉਹ ਪਵਿੱਤਰ ਪੁਰਖ ਜਿਹੜਾ ਤੇਰੇ ਤੋਂ ਜੰਮੇਗਾ ਉਹ ਪਰਮੇਸ਼ੁਰ ਦਾ ਪੁੱਤ੍ਰ ਕਹਾਵੇਗਾ।"

200 ਮਖੌਲ ਕਰਨ ਵਾਲੇ ਜੋ ਕਹਿਣਾ ਚਾਹੁੰਦੇ ਹਨ ਉਨ੍ਹਾਂ ਨੂੰ ਕਹਿਣ ਦਿਓ। ਉਸਨੂੰ ਪਤਾ ਸੀ। ਉਹ ਜਾਣਦੀ ਸੀ ਕਿ ਇਹ ਹੋਵੇਗਾ, ਕਿਉਂਕਿ ਪਰਮੇਸ਼ੁਰ ਨੇ ਅਜਿਹਾ ਕਿਹਾ ਹੈ।

201 ਹੁਣ, ਉਸਨੂੰ ਕਿਹੋ ਜਿਹਾ ਮਹਿਸੂਸ ਹੋਇਆ ਹੋਵੇਗਾ, ਸਮਰਪਣ ਦਾ ਉਹ ਦਿਨ, ਜਾਂ ਬੱਚੇ ਦੀ ਸੁੰਨਤ ਲਈ ਆਉਣਾ, ਜਦੋਂ ਉਹ ਉੱਥੇ ਇਸ ਛੋਟੇ ਬੱਚੇ ਨੂੰ ਆਪਣੀਆਂ ਬਾਹਾਂ ਵਿੱਚ ਲੈ ਕੇ ਤੁਰ ਰਹੀ ਸੀ, *ਉਸ* ਤਰ੍ਹਾਂ। ਅਤੇ ਸਾਰੀਆਂ ਔਰਤਾਂ ਉਸ ਤੋਂ ਦੂਰ ਰਹਿੰਦੀਆਂ ਸਨ, ਸੂਈ ਦੀ ਸੁੰਦਰ ਕਾਰੀਗਰੀ ਵਾਲੇ ਕੱਪੜੇ ਪਹਿਣੇ ਹੋਏ, ਆਪਣੇ ਬੱਚਿਆਂ ਨੂੰ ਸਮਰਪਿਤ ਕਰਨ ਅਤੇ ਉਨ੍ਹਾਂ ਦੀ ਸੁੰਨਤ ਕਰਾਉਣ ਲਈ, ਅਤੇ ਲਗਭਗ ਉਹ ਸਾਰੇ ਇੱਕ ਲੇਲੇ ਨੂੰ ਖਿੱਚ ਕੇ ਲਿਆ ਰਹੇ ਸਨ। ਪਰ ਉਸ ਕੋਲ ਦੋ ਜੰਗਲੀ ਕਬੂਤਰ ਸਨ, ਜੋ ਆਪਣੀ ਖੁਦ ਦੀ ਸ਼ੁੱਧਤਾ ਲਈ। ਛੋਟੇ ਬੱਚੇ ਨੂੰ ਇੱਕ ਕੱਪੜੇ ਵਿੱਚ ਲਪੇਟਿਆ ਹੋਇਆ ਸੀ, ਜੋ ਇੱਕ ਬਲਦ ਦੀ ਧੌਣ ਦੇ ਜੂਲੇ ਦੇ ਪਿਛਲੇ ਹਿੱਸੇ ਤੋਂ ਲਿਆ ਗਿਆ ਸੀ, ਜੂਲੇ ਤੋਂ, ਉਹ ਕਪੜਾ ਜਿਹੜਾ ਬਲਦ ਦੀ ਪਿੱਠ ਤੇ ਲਪੇਟਿਆ ਜਾਂਦਾ ਹੈ। ਉਸ ਨੂੰ ਲਪੇਟਣ ਲਈ ਬਸ ਉਹੀ ਕਪੜਾ ਉਸ ਖੁਰਲੀ ਵਿੱਚ ਸੀ। ਉਨ੍ਹਾਂ ਕੋਲ ਉਸਦੇ ਲਈ ਕੁਝ ਨਹੀਂ ਸੀ। ਉਹ ਬਹੁਤ ਗਰੀਬ ਸਨ। ਅਤੇ ਇੱਥੇ ਉਹ ਖੜ੍ਹੀ ਸੀ।

202 ਕੋਈ ਸ਼ੱਕ ਨਹੀਂ, ਸਾਰੀਆਂ ਔਰਤਾਂ ਨੇ ਛੋਟੀ ਕੁਆਰੀ ਤੋਂ ਦੂਰੀ ਬਣਾਈ ਰੱਖੀ। ਕਿਹਾ, "ਤੁਸੀਂ ਦੇਖੋ, ਉਸ ਕੋਲ ਇੱਕ ਨਾਜਾਇਜ਼ ਬੱਚਾ ਹੈ।" ਦੇਖੋ ਕਿ ਕਿਵੇਂ ਪਰਮੇਸ਼ੁਰ ਚੀਜ਼ਾਂ ਨੂੰ ਇੰਨਾ ਕੱਟੜਪੰਥੀ-ਦਿੱਖਣ ਵਾਲੀਆਂ ਬਣਾਉਂਦਾ ਹੈ। ਔਹ, ਮੇਰੇ! ਉਹ ਬਸ ਸ਼ੈਤਾਨ ਦੀਆਂ ਅੱਖਾਂ ਵਿੱਚ ਘੱਟਾ ਝੋਂਕ ਦਿੰਦਾ ਹੈ। "ਕਿੰਨੀ ਮਲੀਨ! ਕਿੰਨੀ ਗੰਦੀ! ਵਿਭਚਾਰ। ਇਹ ਉਹ ਹੈ ਜੋ ਉਹ ਹੈ। ਉਹ ਇੱਕ ਵਿਭਚਾਰਣ ਹੈ।" ਇਸ ਨਾਲ ਛੋਟੀ ਮਰਿਯਮ ਦੇ ਦਿਲ ਦੀ ਧੜਕਣ ਨਹੀਂ ਰੁਕੀ। ਉਨ੍ਹਾਂ ਨੇ ਉਸ ਤੋਂ ਦੂਰੀ ਬਣਾਈ ਰੱਖੀ।

203 ਉਹ ਅਜੇ ਵੀ ਉਹੀ ਕੰਮ ਕਰ ਰਹੇ ਹਨ, ਉਸਨੂੰ ਹੁਣ, “ਪਵਿੱਤਰ-ਪਖੰਡੀ, ਜਾਂ ਕੱਟੜਪੰਥੀ,” ਜਾਂ ਕੁਝ ਕਹਿੰਦੇ ਹਨ।

ਮਰਿਯਮ ਜਾਣਦੀ ਸੀ ਕਿ ਇਹ ਕਿਸਦਾ ਬੱਚਾ ਸੀ। ਉਹ ਬਸ ਅੱਗੇ ਵੱਧਦੀ ਰਹੀ, ਬਸ ਉਸੇ ਤਰ੍ਹਾਂ।

204 ਪਰ, ਔਹ, ਕੀ ਉਨ੍ਹਾਂ ਨੂੰ ਇਹ ਨਹੀਂ ਦੇਖਿਆ ਹੋਵੇਗਾ ਜਦੋਂ, ਸਿਮਓਨ, ਕਮਰੇ ਵਿੱਚ ਵਾਪਸ ਬੈਠਾ ਸੀ, ਉਸ ਨਾਲ ਵਾਅਦਾ ਕੀਤਾ ਗਿਆ ਸੀ? ਉਹ ਅਗੰਮ ਵਾਕ ਕਰਦਾ ਹੋਇਆ, ਏਧਰ-ਓਧਰ ਫਿਰਿਆ। ਉਸ ਨੇ ਕਿਹਾ, “ਪ੍ਰਭੂ ਨੇ ਮੈਨੂੰ ਦਰਸ਼ਨ ਦਿੱਤਾ।” ਅਤੇ ਕਿਹਾ, “ਮੈਂ ਮੌਤ ਨਹੀਂ ਦੇਖਾਂਗਾ...” ਅਤੇ ਉਹ ਉਦੋਂ ਅੱਸੀ-ਕੁ ਸਾਲਾਂ ਦਾ ਸੀ। “ਮੈਂ ਉਸਦੀ ਮੁਕਤੀ ਨੂੰ ਵੇਖਣ ਤੋਂ ਪਹਿਲਾਂ ਮੌਤ ਨੂੰ ਨਹੀਂ ਦੇਖਾਂਗਾ।”

205 “ਔਹ, ਸਿਮਓਨ, ਤੂੰ ਬੁੱਢਾ ਹੈਂ, ਪੁੱਤਰ। ਤੇਰਾ—ਤੇਰਾ...ਬੁੱਢੇ ਆਦਮੀ ਦਾ ਸਿਰ ਘੁੰਮ ਗਿਆ ਹੈ, ਤੁਸੀਂ ਜਾਣਦੇ ਹੋ, ਉਹ ਇੱਕ ਛੋਟਾ...ਬੱਸ ਉਸਨੂੰ ਇਕੱਲਾ ਛੱਡ ਦਿਓ। ਉਹ ਨੁਕਸਾਨ ਰਹਿਤ ਹੈ। ਉਹ ਕਿਸੇ ਨੂੰ ਦੁਖੀ ਨਹੀਂ ਕਰੇਗਾ।”

206 ਪਰ ਸ਼ਿਮਓਨ ਕੋਲ ਪ੍ਰਭੂ ਦਾ ਬਚਨ ਸੀ, ਉਸ ਨੇ ਕਿਹਾ, “ਮੈਂ ਪਰਮੇਸ਼ੁਰ ਦੀ ਆਤਮਾ ਨੂੰ ਮੇਰੇ ਉੱਤੇ ਉਤਰਦਿਆਂ ਦੇਖਿਆ। ਮੈਂ ਖੜ੍ਹਾ ਹੋ ਕੇ ਉਸ ਵੱਲ ਦੇਖਿਆ। ਉਸ ਨੇ ਮੈਨੂੰ ਦੱਸਿਆ, ‘ਸਿਮਓਨ, ਤੂੰ ਇੱਕ ਧਰਮੀ ਆਦਮੀ ਰਿਹਾ ਹੈਂ। ਅਤੇ ਤੂੰ ਨਹੀਂ ਜਾ ਰਿਹਾ ਹੈਂ...ਮੈਂ ਤੈਨੂੰ ਉੱਥੇ ਗਵਾਹ ਬਣਾਉਣ ਜਾ ਰਿਹਾ ਹਾਂ।’” ਊਂ-ਹੂੰ। ਇਹੀ ਸਭ ਹੈ।

“ਤੁਸੀਂ ਇਹ ਕਿਸ ਲਈ ਕਰਨ ਜਾ ਰਹੇ ਹੋ, ਪ੍ਰਭੂ?”

“ਇਹ ਮੇਰਾ ਕੰਮ ਹੈ।”

207 ਮੇਰੀ ਰਾਏ ਹੈ, ਕਿ ਉਹ ਜਰੂਰ ਉਸ ਦਿਨ, ਉਨ੍ਹਾਂ ਤੇ ਕੋਲਾ ਪਾ ਸਕਦਾ ਸੀ। “ਤੁਹਾਡੇ ਕੋਲ ਇੱਕ ਗਵਾਹ ਸੀ। ਤੁਸੀਂ ਉਸ ਨੂੰ ਕਿਉਂ ਨਹੀਂ ਸੁਣਿਆ?”

208 ਉੱਥੇ ਬੁੱਢੀ ਆੱਨਾ ਹੈ, ਮੰਦਰ ਵਿੱਚ ਬੈਠ ਕੇ ਪ੍ਰਾਰਥਨਾ ਕਰ ਰਹੀ ਹੈ। ਪ੍ਰਭੂ ਨੇ ਉਸ ਤੇ ਪ੍ਰਗਟ ਕੀਤਾ, “ਸਿਮਓਨ ਸਹੀ ਹੈ।” ਆਮੀਨ। ਉਹ ਹਨੇਰੇ ਤੋਂ ਦਿਨ ਦੀ ਰੌਸ਼ਨੀ ਨਹੀਂ ਦੇਖ ਸਕਦੀ ਸੀ, ਪਰ ਉਹ ਅੱਜ ਬਹੁਤ ਸਾਰੇ ਲੋਕਾਂ ਨਾਲੋਂ ਦੂਰ ਦੇਖ ਸਕਦੀ ਸੀ ਜਿਨ੍ਹਾਂ ਦੀਆਂ ਅੱਖਾਂ ਚੰਗੀਆਂ ਹਨ। ਉਸਨੇ ਵੇਖਿਆ, ਆਤਮਾ ਵਿੱਚ, ਆਉਣ ਵਾਲਾ ਮਸੀਹਾ ਨੇੜੇ ਸੀ, ਆਤਮਾ ਉਸਦੇ ਦਿਲ ਵਿੱਚ ਚੱਲ ਰਹੀ ਸੀ।

209 ਦੇਖੋ ਕੀ ਉੱਥੇ ਇੱਕ ਛੋਟੀ ਜਿਹੀ ਕਲੀਸਿਯਾ ਨਹੀਂ ਸੀ? ਜ਼ਕਰਯਾਹ, ਇਲੀਸਬਤ, ਮਰਿਯਮ, ਯੂਹੰਨਾ, ਆੱਨਾ, ਅਤੇ ਸਿਮਓਨ; ਲੱਖਾਂ ਵਿੱਚੋਂ ਛੇ। ਜਿਵੇਂ ਨੂਹ ਦੇ ਦਿਨਾਂ ਵਿਚ ਸੀ। ਉਨ੍ਹਾਂ ਵਿੱਚੋਂ ਛੇ ਸਨ। ਪਰਮੇਸ਼ੁਰ ਨੇ ਉਨ੍ਹਾਂ ਵਿੱਚੋਂ ਹਰ ਇੱਕ ਨਾਲ ਵਰਤਿਆ। ਉਹ ਸਾਰੇ ਇਕਸੁਰਤਾ ਵਿਚ ਸਨ। ਉਹ ਸਾਰੇ ਇਕੱਠੇ ਹੋ ਗਏ। ਆਮੀਨ।

210 ਇੱਥੇ, ਬੁੱਢਾ ਸਿਮਓਨ। ਇੱਥੇ ਛੋਟਾ ਬੱਚਾ ਆ ਗਿਆ। ਉਸਨੇ ਇਸ ਬਾਰੇ ਕਦੇ ਕੁਝ ਨਹੀਂ ਸੁਣਿਆ ਸੀ। ਇੱਥੇ ਉਹ ਬਾਲਕ ਹੈ। ਤਦ ਸ਼ਿਮਓਨ ਆਪਣੇ ਕਮਰੇ ਵਿੱਚ ਬੈਠਾ ਹੋਇਆ ਸੀ ਅਤੇ ਆਤਮਾ ਉਸ ਉੱਤੇ ਆਇਆ ਅਤੇ ਆਖਿਆ, "ਬਾਹਰ ਚਲੇ ਜਾਓ, ਸਿਮਓਨ।"

211 ਉਹ ਤੁਰਦਾ ਗਿਆ, ਪਤਾ ਨਹੀਂ ਕਿੱਧਰ ਜਾ ਰਿਹਾ ਸੀ। ਅਬਰਾਹਾਮ ਵਾਂਗ, ਉਹ ਵੀ ਕੁਝ ਭਾਲ ਰਿਹਾ ਸੀ। ਉਹ ਨਹੀਂ ਜਾਣਦਾ ਸੀ ਕਿ ਇਹ ਕਿੱਥੇ ਸੀ, ਪਰ ਉਹ ਅੱਗੇ ਵਧਦਾ ਰਿਹਾ। ਕੁਝ ਦੇਰ ਬਾਅਦ ਉਹ ਰੁਕ ਗਿਆ। ਅਤੇ ਪਵਿੱਤਰ ਆਤਮਾ ਨੇ ਉਸਨੂੰ ਕਿਹਾ ਹੋਵੇਗਾ, "ਉਹ ਉੱਥੇ ਹੈ।"

212 ਉਹ ਉੱਥੇ ਪਹੁੰਚਿਆ, ਮਰੀਯਮ ਦੀਆਂ ਬਾਹਾਂ ਵਿੱਚੋਂ, ਬੱਚੇ ਨੂੰ ਆਪਣੀਆਂ ਬਾਹਾਂ ਵਿੱਚ ਲੈ ਲਿਆ। ਉੱਪਰ ਤੱਕਿਆ ਅਤੇ ਕਿਹਾ, "ਹੇ ਪ੍ਰਭੂ, ਹੁਣ ਆਪਣੇ ਦੱਸ ਨੂੰ ਹੁਣ ਇਸ ਜੀਵਨ ਤੋਂ ਸ਼ਾਂਤੀ ਨਾਲ ਵਿਦਾ ਹੋ ਲੈਣ ਦਿਓ। ਮੇਰੀਆਂ ਅੱਖਾਂ ਤੇਰੀ ਮੁਕਤੀ ਨੂੰ ਦੇਖ ਰਹੀਆਂ ਹਨ।" ਜਿਸ ਗੱਲ ਦਾ ਹਰ ਕੋਈ ਮਜ਼ਾਕ ਉਡਾ ਰਿਹਾ ਸੀ, ਤੀਵੀਆਂ ਜਿਸ ਤੋਂ ਦੂਰੀ ਰੱਖ ਰਹੀਆਂ ਸਨ, ਸਿਮਓਨ ਨੇ ਕਿਹਾ, "ਇਹ ਤੇਰੀ ਮੁਕਤੀ ਹੈ, ਪ੍ਰਭੂ।"

213 ਅਤੇ ਉਸ ਸਮੇਂ, ਉੱਥੇ ਇੱਕ ਬੁੱਢੀ ਅੰਨ੍ਹੀ ਔਰਤ ਆਈ, ਵਿੰਗਾ-ਟੇਢਾ ਤੁਰਦੀ ਹੋਈ, ਦੇਖਣ ਵਾਲਿਆਂ ਦੇ ਵਿੱਚੋਂ ਡਗਮਗਾਉਂਦੀ ਹੋਈ। ਅਤੇ ਉਹ ਉਸ ਕੋਲ ਆਈ, ਅਤੇ ਉਸਨੇ ਵੀ ਭਵਿੱਖਬਾਣੀ ਕੀਤੀ, ਕਿਉਂਕਿ ਉਹ ਉਸਨੂੰ ਲੱਭ ਰਹੀ ਸੀ। ਉਸਨੇ ਮਰਿਯਮ ਨੂੰ ਕਿਹਾ, "ਇੱਕ ਤਲਵਾਰ ਤੁਹਾਡੇ ਦਿਲ ਨੂੰ ਵਿੰਨ੍ਹ ਦੇਵੇਗੀ, ਪਰ ਇਹ ਬਹੁਤਿਆਂ ਦੇ ਮਨਾਂ ਦੀਆਂ ਸੋਚਾਂ ਪਰਗਟ ਕਰੇਗੀ।" ਵੇਖਿਆ? ਇਹ ਕੀ ਸੀ?

214 ਹੁਣ, ਮੇਰਾ ਅੰਦਾਜ਼ਾ ਹੈ, ਉਨ੍ਹਾਂ ਵਿੱਚੋਂ ਕੁਝ ਔਰਤਾਂ ਨੇ ਕਿਹਾ, "ਹੁਣ ਇਹ ਦੇਖੋ! ਤੁਸੀਂ ਦੇਖੋ ਇਹ ਕਿਸ ਦਰਜੇ ਦੇ ਲੋਕ ਹਨ? ਉਥੇ ਤੁਸੀਂ ਹੋ। ਵੇਖਿਆ? ਇਹ ਹੀ ਗੱਲ ਹੈ। ਦੇਖੋ ਕਿ ਇਹ ਕਿੱਥੇ ਹੈ? ਉਹ ਬੁੱਢਾ ਆਦਮੀ, ਦਿਮਾਗ ਤੋਂ ਪਾਗਲ ਹੈ। ਉਹ ਉੱਥੇ ਹੈ, ਉਸ ਵਿਭਚਾਰਣ ਲੜਕੀ ਦੇ ਸਾਹਮਣੇ ਖੜ੍ਹਾ ਹੈ, ਅਜਿਹੀਆਂ ਗੱਲਾਂ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਥੇ ਤੁਸੀਂ ਹੋ। ਉਹ ਨਜਾਇਜ਼ ਬੱਚਾ। ਉਸ ਬੁੱਢੀ ਆੱਨਾ ਨੂੰ ਦੇਖੋ, ਇੱਥੇ ਬੈਠੀ ਹੁੰਦੀ ਹੈ, ਆਪਣੇ

ਆਪ ਨੂੰ ਭੁੱਖ ਨਾਲ ਮਾਰ ਰਹੀ ਹੈ, ਅਤੇ ਇਸ ਤਰ੍ਹਾਂ ਜਾ ਰਹੀ ਹੈ। ਉਹ ਕੋਈ ਮਜ਼ਾ ਨਹੀਂ ਕਰ ਪਾਏਗੀ ਜਿਸ ਤਰ੍ਹਾਂ ਅਸੀਂ ਕਰਦੇ ਹਾਂ। ਪਰ, ਉੱਥੇ ਤੁਸੀਂ ਹੋ, ਵੇਖਿਆ। ਉਹ ਇੱਥੇ ਦੇਸ਼ ਦੇ ਸਾਰੇ ਸਮਾਜਾਂ ਨਾਲ ਸਬੰਧ ਰੱਖ ਸਕਦੀ ਹੈ। ਉਹ ਇੱਕ ਬਹੁਤ ਹੀ ਚੰਗੇ ਪਰਿਵਾਰ ਵਿੱਚੋਂ ਆਈ ਹੈ, ਦੇਖੋ, ਅਤੇ ਉਹ ਉੱਥੇ ਹੋ ਸਕਦੀ ਹੈ। ਪਰ ਉਹ ਉੱਥੇ ਹੈ। ਦੇਖੋ ਕਿ ਇਹ ਝੁੰਡ ਕਿਵੇਂ ਇਕੱਠਾ ਹੁੰਦਾ ਹੈ?" ਔਹ, ਹਾਂ। ਆਮੀਨ।

215 ਅੱਜ ਵੀ ਉਹੀ ਗੱਲ ਹੈ। "ਮਸੀਹ ਯਿਸੂ ਵਿੱਚ ਸਵਰਗੀ ਸਥਾਨਾਂ ਵਿੱਚ ਬੈਠੇ ਹੋਏ ਹਾਂ, ਪਵਿੱਤਰ ਆਤਮਾ ਦੁਆਰਾ ਉੱਚੇ ਉਠਾਏ ਗਏ ਹਾਂ।" ਯਕੀਨਨ। ਹਾਂ, ਸ਼੍ਰੀਮਾਨ।

216 ਔਹ, ਕੀ ਸਾਡੇ ਕੋਲ ਬਸ ਥੋੜਾ ਜਿਹਾ ਹੋਰ ਸਮਾਂ ਹੈ? ਮੈਂ ਕੁਝ ਕਹਿਣਾ ਹੈ। [ਕਲੀਸਿਯਾ ਕਹਿੰਦੀ ਹੈ, "ਹਾਂ।"—ਸੰਪਾ.]

217 ਮੇਰੇ ਕੋਲ ਇੱਥੇ ਇੱਕ ਹੋਰ ਪਾਤਰ ਹੈ, ਮੈਂ ਦੇਖ ਰਿਹਾ ਹਾਂ, ਉਸ ਸਮੇਂ ਨੂੰ ਜਦ ਵਚਨ ਪ੍ਰਗਟ ਕੀਤਾ ਜਾ ਰਿਹਾ ਸੀ, ਗਿਆਨੀ ਪੁਰਸ਼।

218 ਕਾਸ਼ ਮੇਰੇ ਕੋਲ ਸਮਾਂ ਹੁੰਦਾ, ਫਰੈਡ, ਤੁਸੀਂ ਉਸ ਨੂੰ ਪੜ੍ਹੋ। ਕੀ ਇਹ ਤੁਹਾਡੀ ਜੇਬ ਵਿੱਚ ਹੈ? [ਭਾਈ ਫਰੈਡ ਸੋਥਮੈਨ ਕਹਿੰਦਾ ਹੈ, "ਹਾਂ।"—ਸੰਪਾ.] ਮੇਰਾ ਅੰਦਾਜ਼ਾ ਹੈ ਕਿ ਤੁਹਾਡੇ ਵਿੱਚੋਂ ਬਹੁਤਿਆਂ ਨੇ ਇਸਨੂੰ ਰਸਾਲੇ ਵਿੱਚ ਦੇਖਿਆ ਹੋਵੇਗਾ।

219 ਉਹ ਚੀਜ਼ ਜੋ ਪਵਿੱਤਰ ਆਤਮਾ ਨੇ ਇੱਥੇ ਨਦੀ ਤੇ ਬੋਲੀ ਸੀ, ਤੇਤੀ ਸਾਲ ਪਹਿਲਾਂ, ਉਨ੍ਹਾਂ ਨੇ ਇਸਨੂੰ ਲੱਭ ਲਿਆ। 9 ਦਸੰਬਰ ਨੂੰ, ਇਸ ਨੂੰ ਸਾਬਤ ਕਰਦੇ ਹੋਏ, ਉਸ ਖਗੋਲ-ਵਿਗਿਆਨ ਵਿੱਚੋਂ, ਕਿਵੇਂ ਉਹ—ਉਹ ਬ੍ਰਹਸਪਤੀ ਗ੍ਰਹਿ, ਅਤੇ ਉਹ ਤਾਰੇ, ਉਨ੍ਹਾਂ ਦੇ ਤਾਰਾਮੰਡਲ ਵਿੱਚ ਹਨ!

220 ਉਹਨਾਂ ਨੂੰ ਇੱਕ ਪੁਰਾਣਾ ਖਗੋਲ ਵਿਗਿਆਨ ਕਲੰਡਰ-…ਇਸ ਦੇ ਨਿਸ਼ਾਨ, ਉਹਨਾਂ ਨੇ ਲੱਭੇ ਹਨ। ਬਿਲਕੁਲ ਇਹੀ ਉਹ ਸਮਾਂ ਸੀ ਜਦੋਂ ਤਾਰਿਆਂ ਦਾ ਇਹ ਸਮੂਹ, ਇਹਨਾਂ ਸਿਤਾਰਿਆਂ ਦੇ ਤਾਰਾਮੰਡਲ ਵਿੱਚ ਆ ਗਿਆ, ਅਤੇ ਸਿੱਧਾ ਬਾਬਲ ਵੱਲ ਚਲਾ ਗਿਆ, ਅਤੇ ਗਿਆਨੀ ਪੁਰਖਾਂ ਨੇ ਇਸ ਗੱਲ ਨੂੰ ਲਿਆਂਦਾ। ਯਾਦ ਹੈ? ਉਹਨਾਂ ਨੇ ਆਪਣੀ ਪਰਿਕਰਮਾ ਨੂੰ ਪਾਰ ਕੀਤਾ, ਹੇਠਾਂ ਗਏ, ਦੁਬਾਰਾ ਅਰਬਾਂ ਪ੍ਰਕਾਸ਼ ਸਾਲ ਦੀ ਦੂਰ। ਅਤੇ ਉਹ ਯਹੂਦੀ ਬੁੱਧੀਮਾਨ ਲੋਕ ਜੋ ਬਾਬਲ ਵਿੱਚ ਸਨ, ਉਨ੍ਹਾਂ ਨੇ ਉਸ ਤਾਰਿਆਂ ਦੇ ਸਮੂਹ ਨੂੰ ਉਸ ਤਾਰਾਮੰਡਲ ਵਿੱਚ ਆਉਂਦੇ ਦੇਖਿਆ, ਉਹ ਤਾਰੇ। ਉਨ੍ਹਾਂ ਵਿੱਚੋਂ ਤਿੰਨ ਅੰਦਰ ਆਉਂਦੇ ਹਨ, ਇਕੱਠੇ, ਅਤੇ ਇੱਕ ਸਵੇਰ ਦਾ ਤਾਰਾ ਬਣਾਉਂਦੇ ਹਨ। ਅਤੇ ਉਹ ਪਰਮੇਸ਼ੁਰ ਦੇ ਬਚਨ

ਦੁਆਰਾ ਜਾਣਦੇ ਸਨ, ਕਿ ਇਹ ਉਹੀ ਸਮਾਂ ਸੀ, ਜਦੋਂ ਉਹ ਤਾਰੇ ਇਕੱਠੇ ਹੁੰਦੇ ਹਨ, ਕਿ ਮਸੀਹਾ ਨੂੰ ਧਰਤੀ ਤੇ ਹੋਣਾ ਚਾਹੀਦਾ ਸੀ।

221 ਇਹੀ ਕਾਰਨ ਹੈ ਕਿ ਉਹਨਾਂ ਨੇ ਚੱਲਣਾ ਅਰੰਭ ਕੀਤਾ, "ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ, ਉਹ ਕਿੱਥੇ ਹੈ? ਉਹ ਕਿਥੇ ਹੈ? ਕਿਤੇ ਤਾਂ ਹੈ! ਕਿਉਂਕਿ, ਜਦੋਂ ਉਹ ਤਾਰੇ ਅੰਦਰ ਆਉਂਦੇ ਹਨ, ਇੱਥੋਂ ਤੱਕ ਉਨ੍ਹਾਂ ਦੇ ਆਕਾਸ਼ੀ ਸਰੀਰ ਇਸ ਇੱਕ ਮਹਾਨ ਆਕਾਸ਼ੀ ਸਰੀਰ ਵਿੱਚ ਬਦਲ ਗਏ, ਜਦੋਂ ਉਹ ਤਿੰਨੇ ਇਕੱਠੇ ਚੱਲਣਗੇ, ਮਸੀਹਾ ਉਸ ਸਮੇਂ ਧਰਤੀ ਤੇ ਹੋਵੇਗਾ।" ਅਤੇ ਜਦੋਂ ਉਹ ਆਪਣੀ ਪਰਿਕਰਮਾ ਵਿੱਚ ਚਲੇ ਗਏ, ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਮਸੀਹਾ ਧਰਤੀ ਉੱਤੇ ਸੀ।

222 ਉਹ ਆਪਣੇ ਖੇਤਰ ਵਿੱਚ ਮਾਹਰ ਸਨ। ਉਹ ਮਹਾਨ ਪੁਰਸ਼ ਸਨ। ਉਹ ਆਪਣੇ ਧਾਰਮਿਕ ਵਿਗਿਆਨ ਦੇ ਖੇਤਰ ਵਿੱਚ ਮਾਹਰ ਸਨ। ਉਹ ਇਸ ਦਾ ਧਾਰਮਿਕ ਪੱਖ ਦੇਖ ਰਹੇ ਸਨ। ਅਤੇ ਉਹਨਾਂ ਨੇ ਦੂਰ ਉਹਨਾਂ ਤਾਰਿਆਂ ਨੂੰ ਹਿੱਲਦੇ ਹੋਏ ਵੇਖਿਆ, ਬ੍ਰਹਸਪਤੀ ਅਤੇ ਸਰਗਸ ਤੋਂ ਬਾਹਰ ਜਾਂਦੇ ਦੇਖਿਆ, ਅਤੇ ਫਿਰ ਉਹ ਆਪਣੀ—ਆਪਣੀ ਕਤਾਰ ਵਿੱਚ ਵਿੱਚ ਚਲੇ ਗਏ। ਅਤੇ ਉਨ੍ਹਾਂ ਨੇ ਕਿਹਾ, "ਅਸੀਂ ਜਾਣਦੇ ਹਾਂ ਕਿ ਮਸੀਹਾ ਕਿਤੇ ਤਾਂ ਹੈ। ਇਸ ਲਈ, ਉਹ ਯਰੂਸ਼ਲਮ ਵਿੱਚ ਹੋਣਾ ਚਾਹੀਦਾ ਹੈ, ਕਿਉਂਕਿ ਇਹ ਸੰਸਾਰ ਦੇ ਧਰਮ ਲਈ ਮੁੱਖ ਸਥਾਨ ਹੈ, ਜਿਹੜਾ ਮਸੀਹਾ ਦਾ ਧਰਮ ਹੈ। ਇਹ ਉਨ੍ਹਾਂ ਦਾ ਮੁੱਖ ਦਫ਼ਤਰ ਹੈ। ਇਹ ਸੰਪਰਦਾਇਕ ਮੁੱਖ ਦਫ਼ਤਰ ਹੈ। ਇਹ ਉਹ ਥਾਂ ਹੈ ਜਿੱਥੇ ਮਹਾਨ ਧਾਰਮਿਕ ਸਮੂਹ ਬੈਠਦਾ ਹੈ।"

223 ਅਤੇ ਉਹ ਊਠਾਂ ਉੱਤੇ ਦੋ ਸਾਲ, ਟਾਈਗ੍ਰਿਸ ਨਦੀ ਦੇ ਵਿੱਚੋਂ, ਅਤੇ ਦਲਦਲ ਅਤੇ ਜੰਗਲਾਂ ਵਿੱਚੋਂ ਲੰਘੇ, ਸਫ਼ਰ ਕਰਦੇ ਹੋਏ, ਸ਼ਹਿਰ ਜਾ ਰਹੇ ਸਨ, ਦਿਲ ਆਨੰਦ ਨਾਲ ਭਰਿਆ ਹੋਇਆ ਸੀ।

224 ਉਨ੍ਹਾਂ ਨੂੰ ਇਹ ਪਤਾ ਲੱਗ ਗਿਆ ਸੀ ਜਦੋਂ ਉਹ ਤਾਰੇ ਉੱਥੇ ਲਟਕ ਰਹੇ ਸਨ। ਅਤੇ ਇਹ, ਅੱਜ ਖਗੋਲ ਵਿਗਿਆਨੀ ਵੀ ਕਹਿੰਦੇ ਹਨ, "ਅਸਲ ਵਿੱਚ ਜੇ ਉਹ ਤਾਰੇ, ਦੁਬਾਰਾ ਉਸ ਥਾਂ ਤੇ ਆਉਂਦੇ ਹਨ, ਇਹ ਇੱਕ ਤਾਰਾ ਬਣ ਜਾਣਗੇ, ਜਿੱਥੋਂ ਉਹ ਖੜੇ ਸਨ, ਵੇਖ ਰਹੇ ਸਨ।" ਪਰ ਉਨ੍ਹਾਂ ਨੂੰ ਇਸ ਨੂੰ ਵੇਖਣ ਲਈ, ਉਸ ਜਗ੍ਹਾ ਤੋਂ ਖੜ੍ਹੇ ਹੋਣਾ ਪਏਗਾ। ਆਮੀਨ। ਆਮੀਨ।

225 ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੱਥੇ ਖੜ੍ਹੇ ਹੋ। ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕੀ ਦੇਖ ਰਹੇ ਹੋ। ਊਂ-ਹੂੰ। ਹਾਂ।

226 ਇਸ ਲਈ ਉਹਨਾਂ ਨੇ ਇਸਨੂੰ ਦੇਖਿਆ, ਅਤੇ ਉਹਨਾਂ ਨੇ ਇਸਦਾ ਪਿੱਛਾ ਕੀਤਾ, ਅਤੇ ਉਹ ਬਿਲਕੁਲ ਸਹੀ ਜਾ ਰਹੇ ਸਨ। ਇਸ ਨਾਲ ਕੋਈ ਮਤਲਬ

ਨਹੀਂ ਕਿ ਉਹ ਕਿੱਥੇ ਪਹੁੰਚ ਗਏ ਸਨ, ਉਹ ਬਿਲਕੁਲ ਇਸ ਦੇ ਨਾਲ ਜਾ ਰਹੇ ਸਨ। ਇਸ ਨੇ ਉਨ੍ਹਾਂ ਦੀ ਅਗਵਾਈ ਕੀਤੀ। ਵੇਖਿਆ?

227 ਇਸੇ ਤਰ੍ਹਾਂ ਤੁਹਾਨੂੰ ਉਹਨਾਂ ਸਾਰੀਆਂ ਲਿਖਤਾਂ ਨੂੰ ਕਤਾਰਬੱਧ ਕਰਨਾ ਹੈ, ਸਭ ਕੁਝ, ਫਿਰ ਉਸ ਵਚਨ ਦੇ ਨਾਲ ਉਸ ਕਤਾਰ ਵਿੱਚ ਰਹੋ। ਇਹੀ ਇੱਕੋ ਇੱਕ ਤਰੀਕਾ ਹੈ। ਇਹ ਤੁਹਾਨੂੰ ਸਿੱਧਾ ਉਸ ਵੱਲ ਲੈ ਜਾਵੇਗਾ। ਜ਼ਰੂਰ ਲੈ ਜਾਵੇਗਾ।

228 ਹੁਣ ਧਿਆਨ ਦਿਓ। ਇੱਥੇ ਉਹ ਆਉਂਦੇ ਹਨ, ਪੁਕਾਰਦੇ ਹੋਏ, "ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ, ਉਹ ਕਿੱਥੇ ਹੈ?" ਯਰੂਸ਼ਲਮ ਵਿੱਚ, ਤਾਰਾ ਉਹਨਾਂ ਨੂੰ ਸਿੱਧਾ ਉੱਥੇ ਲੈ ਗਿਆ, ਸਿੱਧਾ ਸੰਪ੍ਰਦਾਇਕ ਮੁੱਖ ਦਫ਼ਤਰ ਵਿੱਚ। ਪਰ ਜਦੋਂ ਉਹ ਇਸ ਦੇ ਲਈ ਇੱਕ ਪਾਸੇ ਮੁੜੇ, ਤਾਂ ਤਾਰੇ ਨੇ ਉਨ੍ਹਾਂ ਨੂੰ ਛੱਡ ਦਿੱਤਾ। ਉਹ ਸ਼ਹਿਰ ਵਿੱਚ ਚਲੇ ਗਏ, ਗਲੀਆਂ ਵਿੱਚ ਇੱਧਰ-ਉੱਧਰ ਫਿਰਨ ਲੱਗੇ। ਉਨ੍ਹਾਂ ਨੇ ਸੋਚਿਆ ਕਿ ਸ਼ਹਿਰ ਪਰਮੇਸ਼ੁਰ ਦੇ ਆਨੰਦ ਨਾਲ ਭਰਿਆ ਹੋਵੇਗਾ। ਗਲੀ ਵਿੱਚ ਐਧਰ-ਉੱਧਰ, ਆਨੰਦ ਨਾਲ, ਉਹ ਗਏ, ਰੌਲਾ ਪਾ ਰਹੇ ਸਨ, "ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ ਉਹ ਕਿੱਥੇ ਹੈ? ਅਸਾਂ ਚੜ੍ਹਦੇ ਪਾਸੇ ਉਹ ਦਾ ਤਾਰਾ ਡਿੱਠਾ, ਅਤੇ ਉਹ ਨੂੰ ਮੱਥਾ ਟੇਕਣ ਆਏ ਹਾਂ।"

229 ਯਾਦ ਰੱਖੋ, ਤਾਰਾ, ਉਹ ਪੱਛਮ ਵੱਲ ਚਲੇ ਗਏ। ਉਹ ਪੂਰਬ ਵਿੱਚ ਸਨ। "ਪੱਛਮ ਵੱਲ ਅਗਵਾਈ ਕਰਦੇ ਹੋਏ, ਅਜੇ ਵੀ ਵੱਧ ਰਿਹਾ ਹੈ। ਸਾਡੀ ਅਗਵਾਈ ਕਰ..." ਸਮਝੇ? ਉਹ ਬਿਲਕੁਲ ਸਨ...ਉਹ ਸਨ...ਖੈਰ, ਬਾਬਲ ਅਤੇ ਭਾਰਤ ਫਲਸਤੀਨ ਦੇ ਪੂਰਬ ਵਿੱਚ ਹਨ, ਇੱਕ ਤਰ੍ਹਾਂ ਨਾਲ ਦੱਖਣ-ਪੂਰਬ ਵਿੱਚ ਸਥਿਤ ਹਨ। ਅਤੇ ਉਹ ਪੱਛਮ ਵੱਲ ਜਾ ਰਹੇ ਸਨ। "ਪੱਛਮ ਵੱਲ ਅਗਵਾਈ," ਤੁਸੀਂ ਉਹ ਗੀਤ ਜਾਣਦੇ ਹੋ, "ਅਜੇ ਵੀ ਜਾਰੀ ਹੈ। ਸਾਡਾ ਉਸ ਸੰਪੂਰਣ ਪ੍ਰਕਾਸ਼ ਵੱਲ ਮਾਰਗ ਦਰਸ਼ਨ ਕਰੋ।" ਦੇਖੋ? ਉਹ, ਗਿਆਨੀ ਪੁਰਖ, ਪੱਛਮ ਵੱਲ ਆ ਰਹੇ ਸਨ। ਪੂਰਬ ਨੂੰ ਛੱਡ ਕੇ, ਪੱਛਮ ਵੱਲ ਜਾ ਰਹੇ ਸਨ, ਅਤੇ ਉਨ੍ਹਾਂ ਨੇ ਉਹ ਤਾਰਾ ਦੇਖਿਆ। ਹੁਣ, ਜੇ ਉਹ ਪੱਛਮ ਵਿੱਚ ਸਨ, ਪਿੱਛਾਂਹ ਦੇਖ ਰਹੇ ਸਨ, ਤਾਂ ਉਨ੍ਹਾਂ ਨੇ ਇਹ ਨਹੀਂ ਦੇਖਿਆ। ਸਮਝੇ?

230 ਉਹ, ਜਦੋਂ ਉਹ ਉੱਥੇ ਪਹੁੰਚੇ, ਇਸ ਨੇ ਬਿਲਕੁਲ ਉਸ ਜਗ੍ਹਾ ਵੱਲ ਉਨ੍ਹਾਂ ਦਾ ਮਾਰਗਦਰਸ਼ਨ ਕੀਤਾ, ਫਿਰ ਇਹ ਉਨ੍ਹਾਂ ਨੂੰ ਛੱਡ ਗਿਆ। ਅਤੇ ਉਨ੍ਹਾਂ ਨੇ ਸੋਚਿਆ, "ਇਹ ਇੱਥੇ ਹੈ। ਤਾਰਾ ਚਲਾ ਗਿਆ ਹੈ, ਇਸ ਲਈ ਇਹ ਇੱਥੇ ਹੀ ਹੈ।" ਉਹ ਸ਼ਹਿਰ ਵਿੱਚ ਹਨ। ਇਸ ਲਈ, "ਔਹ, ਮੇਰੇ," ਓਹਨਾਂ ਨੇ ਕਿਹਾ, "ਹਰ ਕੋਈ ਬਸ ਗਾ ਰਿਹਾ ਹੈ ਅਤੇ ਖੁਸ਼ ਹੈ। ਪਰਮੇਸ਼ੁਰ ਦੀ ਮਹਿਮਾ ਨੇ ਸਭ ਕੁਝ ਚਮਕਾ ਦਿੱਤਾ ਹੈ। ਇਸ ਲਈ, ਅਸੀਂ ਇੱਥੇ ਹਾਂ। ਅਸੀਂ ਜਾਣਦੇ ਹਾਂ ਕਿ

ਸਾਡੀ—ਅਸੀਂ ਜਾਣਦੇ ਹਾਂ ਕਿ ਸਾਡੀ ਸਫ਼ਲਤਾ, ਜਿਵੇਂ ਅਸੀਂ ਉਸ ਤਾਰਾਮੰਡਲ ਨੂੰ ਦੇਖਿਆ, ਕੋਈ ਵੀ, ਕੋਈ ਮਾਹਰ ਨਹੀਂ, ਉੱਥੇ ਆ ਕੇ ਤਾਰਿਆਂ ਨੂੰ ਇਕੱਠੇ ਨਹੀਂ ਕਰ ਸਕਦਾ ਸੀ। ਅਤੇ ਅਸੀਂ ਜਾਣਦੇ ਹਾਂ, ਜਦੋਂ ਉਹ—ਜਦੋਂ ਉਹ ਤਾਰੇ ਉਸ ਸਵਰਗੀ ਦੇਹ ਵਿੱਚ ਆਉਂਦੇ ਹਨ, ਇਹ ਉਹ ਸਮਾਂ ਹੁੰਦਾ ਹੈ ਜਦੋਂ ਮਸੀਹਾ ਧਰਤੀ ਉੱਤੇ ਹੁੰਦਾ ਹੈ। ਮਸੀਹਾ ਧਰਤੀ ਉੱਤੇ ਹੈ।"

231 ਅਤੇ ਹਰੇਕ ਕਈ ਸੌ ਸਾਲਾਂ ਬਾਅਦ, ਉਹ ਆਪਣੇ ਤਾਰਾਮੰਡਲ ਵਿੱਚੋਂ ਦੁਬਾਰਾ ਲੰਘਦੇ ਹਨ, ਤੁਸੀਂ ਦੇਖੋ, ਅਤੇ ਫਿਰ ਧਰਤੀ ਉੱਤੇ ਇੱਕ ਤੋਹਫ਼ਾ ਆਉਂਦਾ ਹੈ। ਧਿਆਨ ਦਿਓ।

232 "ਮਸੀਹਾ ਧਰਤੀ ਉੱਤੇ ਹੈ, ਜਦੋਂ ਉਹਨਾਂ—ਜਦੋਂ ਉਹਨਾਂ ਤਾਰਿਆਂ ਦਾ ਸਮੂਹ ਇਕੱਠਾ ਹੁੰਦਾ ਹੈ।" ਅਤੇ ਉਹ ਜਾਣਦੇ ਸਨ ਕਿ ਉਹ ਉੱਥੇ ਸੀ, ਇਸ ਲਈ ਉਹ ਧਰਮ ਦੇ ਮੁੱਖ ਦਫ਼ਤਰ ਵੱਲ ਗਏ, ਅਤੇ ਜਾਣਾ ਸ਼ੁਰੂ ਕਰ ਦਿੱਤਾ, ਇਹ ਕਹਿੰਦੇ ਹੋਏ, ਗਲੀ ਦੇ ਉੱਪਰ ਅਤੇ ਹੇਠਾਂ ਉਹ ਗਏ, ਇਹ ਊਠ, "ਉਹ ਕਿਥੇ ਹੈ? ਉਹ ਕਿਥੇ ਹੈ? ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ ਉਹ ਕਿੱਥੇ ਹੈ? ਅਸੀਂ ਪੂਰਬ ਵਿੱਚ ਉਸਦਾ ਤਾਰਾ ਦੇਖਿਆ ਹੈ। ਉਹ ਇੱਥੇ ਕਿਤੇ ਹੈ। ਉਹ ਕਿਥੇ ਹੈ? ਉਹ ਕਿਥੇ ਹੈ? ਉਹ ਕਿਥੇ ਹੈ?" ਹੂੰ! ਕਿਹੋ ਜਿਹੀ ਨਿੰਦਾ ਹੈ!

233 ਉਹ ਪ੍ਰਧਾਨ ਜਾਜਕ ਕੋਲ ਗਏ। ਉਸਨੇ ਕਿਹਾ, ਹੋ ਸਕਦਾ ਹੈ ਕਿਹਾ ਹੋਵੇ, "ਤੁਹਾਨੂੰ ਕੀ ਮਸਲਾ ਹੈ? ਕਿਉਂ, ਤੁਸੀਂ ਕੱਟੜਪੰਥੀਆਂ ਦਾ ਝੁੰਡ ਹੋ!" ਵੇਖਿਆ? ਉਨ੍ਹਾਂ ਦੀ ਵਿਗਿਆਨਕ ਪ੍ਰਾਪਤੀ ਉੱਤੇ, ਕਿਹੋ ਜਿਹੀ ਨਿੰਦਾ ਸੀ! ਪਰਮੇਸ਼ਰ ਸਮਰਥ ਦੁਆਰਾ, ਉਹਨਾਂ ਨੇ ਉਸ ਦਾ ਤਾਰਾ ਦੇਖਿਆ। ਅਤੇ ਉਹ ਬੁੱਧੀਮਾਨ ਆਦਮੀ ਸਨ, ਹੁਸ਼ਿਆਰ ਸਨ। ਉਹ ਧਾਰਮਿਕ ਵਿਗਿਆਨ ਦੇ ਖੇਤਰ ਵਿੱਚ ਸਨ। ਅਤੇ ਉਨ੍ਹਾਂ ਨੂੰ ਪਤਾ ਲੱਗਾ, ਜਦੋਂ ਉਹ ਤਾਰੇ ਉੱਥੇ ਪਹੁੰਚੇ, ਤਦ ਮਸੀਹਾ ਕਿਤੇ ਤਾਂ ਸੀ। ਅਤੇ ਇੱਥੇ, ਉਹ ਸਥਾਨ ਜਿਸਨੂੰ ਇਹ ਪਤਾ ਹੋਣਾ ਚਾਹੀਦਾ ਸੀ, ਇਸ ਬਾਰੇ ਕੁਝ ਨਹੀਂ ਪਤਾ ਸੀ।

234 ਮੈਂ ਕਲਪਨਾ ਕਰਦਾ ਹਨ, ਬੱਚੇ ਸੜਕ ਤੇ ਖੜ੍ਹੇ ਹਨ, ਉਹਨਾਂ ਨੇ ਕਿਹਾ, "ਹਾ! ਉਸ ਵੱਲ ਤੇ ਦੇਖੋ। ਹਾ! ਇਹ ਕੱਟੜਪੰਥੀਆਂ ਦਾ ਇੱਕ ਝੁੰਡ ਹੈ। ਉਨ੍ਹਾਂ ਦੀ ਗੱਲ ਸੁਣੋ, 'ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ, ਉਹ ਕਿੱਥੇ ਹੈ?' ਉਹ ਨਹੀਂ ਜਾਣਦੇ ਕਿ ਹੇਰੋਦੇਸ ਇੱਥੋਂ ਦਾ ਰਾਜਾ ਹੈ। ਉਹ ਫਲਾਣੇ ਬਿਸ਼ਪ ਨੂੰ ਨਹੀਂ ਜਾਣਦੇ।" ਔਹ, ਮੇਰੇ!

235 "ਜਿਹੜਾ ਯਹੂਦੀਆਂ ਦਾ ਪਾਤਸ਼ਾਹ ਜੰਮਿਆ ਹੈ ਉਹ ਕਿੱਥੇ ਹੈ?? ਅਸੀਂ ਪੂਰਬ ਵਿੱਚ ਉਸਦਾ ਤਾਰਾ ਦੇਖਿਆ ਹੈ।"

236 ਉਹ ਕਹਿੰਦੇ ਸਨ, "ਤੁਸੀਂ ਐਥੈ ਆਓ, ਸਾਰੇ ਗਿਆਨੀ ਪੁਰਖੋ, ਇੱਥੇ ਆ

ਜਾਓ।" ਉਂ-ਹੂੰ। "ਐਥੇ ਆਓ। ਕੀ ਤੁਸੀਂ ਸਾਰੇ ਇੱਥੇ ਕਿਤੇ ਵੀ ਕੋਈ ਤਾਰਾ ਦੇਖ ਸਕਦੇ ਹੋ?"

"ਔਹ, ਮੈਂ ਅਜਿਹਾ ਕਦੇ ਨਹੀਂ ਦੇਖਿਆ।"

237 "ਤੁਸੀਂ ਸਾਰੇ ਖਗੋਲ ਵਿਗਿਆਨੀ ਇੱਥੇ ਆਓ। ਕੀ ਤੁਸੀਂ ਸਾਰਿਆਂ ਨੇ ਕਿਤੇ ਕੋਈ ਤਾਰਾ ਦੇਖਿਆ ਹੈ?"

"ਨਹੀਂ, ਨਹੀਂ।"

"ਕੀ ਤੁਸੀਂ ਕਿਸੇ ਵੀ ਕਿਸਮ ਦਾ ਕੋਈ ਰਹੱਸਮਈ ਚਿਨ੍ਹ ਵੇਖਿਆ ਹੈ?"

"ਨਹੀਂ। ਅਸੀਂ ਅਜਿਹਾ ਕੁਝ ਨਹੀਂ ਵੇਖਦੇ। ਨਹੀਂ।"

238 ਅਜੇ ਵੀ, ਨਹੀਂ ਵੇਖ ਸਕਦੇ। ਉਹੀ ਗੱਲ ਹੈ। ਉਹ ਕੁਝ ਨਹੀਂ ਦੇਖਦੇ। ਉਹ ਇਸ ਨੂੰ ਨਹੀਂ ਦੇਖ ਸਕਦੇ।

"ਹੂੰ, ਚਲੋ ਸੇਵਕਾਂ ਨੂੰ ਬੁਲਾਇਆ ਜਾਵੇ?" ਤੁਸੀਂ ਸਾਰੇ ਇਸ ਬਾਰੇ ਕੀ ਸੋਚਦੇ ਹੋ।

"ਨਹੀਂ। ਅਸੀਂ ਕਦੇ ਕੋਈ ਤਾਰਾ ਨਹੀਂ ਦੇਖਿਆ।"

239 "ਖੈਰ, ਤੁਹਾਡਾ ਕੀ ਖਿਆਲ ਹੈ ਜਿਹੜੇ ਬਾਹਰ ਪਹਿਰੇ ਦੀ ਕੰਧ ਤੇ ਸਮੇਂ ਨੂੰ ਵੇਖਦੇ ਹੋ? ਤੁਸੀਂ ਤਾਰੇ ਦੇਖਦੇ ਹੋ। ਤੁਹਾਨੂੰ ਕਦੇ ਪਤਾ ਲੱਗਾ…ਤੁਸੀਂ ਜਾਣਦੇ ਹੋ ਕਿ ਆਸਮਾਨ ਵਿੱਚ ਹਰ ਤਾਰਾਮੰਡਲ ਕਿੱਥੇ ਹੈ। ਤੁਸੀਂ ਹਰੇਕ ਤਾਰੇ ਨੂੰ ਜਾਣਦੇ ਹੋ। ਕੀ ਤੁਸੀਂ ਕੁਝ ਦੇਖਿਆ?"

"ਨਹੀਂ। ਅਸੀਂ ਕੁਝ ਨਹੀਂ ਦੇਖਿਆ।" ਪਰ ਇਹ ਉੱਥੇ ਸੀ।

240 ਪਰਮੇਸ਼ੁਰ ਦੀ ਮਹਿਮਾ ਹੋਵੇ! ਔਹ, ਮੇਰੇ! ਕੀ ਤੁਸੀਂ ਇਸਨੂੰ ਨਹੀਂ ਦੇਖ ਸਕਦੇ? ਇਹ ਹੁਣ ਉੱਥੇ ਹੈ, ਅਤੇ ਉਹ ਇਸਨੂੰ ਨਹੀਂ ਦੇਖ ਸਕਦੇ। ਇਹ ਜਾਰੀ ਹੈ, ਠੀਕ ਉਹਨਾਂ ਦੇ ਕੋਲ, ਅਤੇ ਉਹ ਇਸਨੂੰ ਨਹੀਂ ਦੇਖ ਸਕਦੇ।

241 "ਨਹੀਂ। ਅਸੀਂ ਕੁਝ ਨਹੀਂ ਦੇਖ ਰਹੇ। ਔਹ, ਮੈਂ ਉੱਥੇ ਗਿਆ ਸੀ। ਮੈਂ ਕੁਝ ਨਹੀਂ ਦੇਖਿਆ।" ਯਕੀਨਨ, ਤੁਸੀਂ ਨਹੀਂ ਦੇਖਦੇ। ਬਸ ਬਹੁਤ ਜਿਆਦਾ ਅੰਨ੍ਹੇ ਹੋ। ਇਹ ਤੁਹਾਡੇ ਦੇਖਣ ਲਈ ਨਹੀਂ ਹੈ। ਦੇਖੋ? ਜੇਕਰ ਤੁਸੀਂ ਇੰਨੇ ਜਿਆਦਾ ਅੰਨ੍ਹੇ ਹੋ, ਤਾਂ ਕਿਉਂ, ਯਕੀਨਨ, ਤੁਸੀਂ ਇਸਨੂੰ ਨਹੀਂ ਦੇਖ ਸਕੋਗੇ।

242 ਇਹ ਸਿਰਫ਼ ਉਨ੍ਹਾਂ ਲਈ ਹੈ ਜਿਨ੍ਹਾਂ ਉੱਤੇ ਪਰਮੇਸ਼ੁਰ ਇਸ ਨੂੰ ਪ੍ਰਗਟ ਕਰੇਗਾ। ਉਹੀ ਹੈ ਜੋ ਇਸਨੂੰ ਦੇਖਦਾ ਹੈ। ਹਮੇਸ਼ਾ ਇਸ ਤਰ੍ਹਾਂ ਰਿਹਾ ਹੈ। ਯਕੀਨਨ।

243 ਇਹ ਨੂਹ ਸੀ ਜੋ ਅਸਮਾਨ ਵਿੱਚ ਮੀਂਹ ਨੂੰ ਦੇਖ ਸਕਦਾ ਸੀ, ਤੁਸੀਂ ਜਾਣਦੇ ਹੋ, ਪਰ ਬਾਕੀ ਦੇ ਲੋਕ ਅਜਿਹਾ ਨਹੀਂ ਕਰ ਸਕਦੇ ਸਨ। ਵੇਖਿਆ? ਉਨ੍ਹਾਂ ਨੇ ਉੱਥੇ ਮੀਂਹ ਨਹੀਂ ਦੇਖਿਆ, ਪਰ ਨੂਹ ਨੇ ਦੇਖਿਆ।

244 ਇਹ ਅਬਰਾਹਾਮ ਸੀ ਜਿਸ ਨੇ ਸਾਰਾਹ ਨੂੰ ਬੱਚੇ ਨੂੰ ਫੜੇ ਹੋਏ ਦੇਖਿਆ ਸੀ। ਇਹ ਠੀਕ ਹੈ। ਉਹਨਾਂ ਮਖੌਲੀਆਂ ਨੇ ਨਹੀਂ ਜੋ ਕਹਿੰਦੇ ਸਨ, "ਕੌਮਾਂ ਦੇ ਪਿਤਾ, ਹੁਣ ਤੇਰੇ ਕਿੰਨੇ ਬੱਚੇ ਹੋ ਗਏ ਹਨ?"

245 ਅਸੀਂ ਬਾਈਬਲ, ਸੰਤਾਂ ਅਤੇ ਨਬੀਆਂ ਦੁਆਰਾ, ਸਭ ਕੁਝ ਵਿੱਚੋਂ ਕਿਵੇਂ ਹੇਠਾਂ ਆ ਸਕਦੇ ਹਾਂ! "ਵਿਸ਼ਵਾਸ ਉਨ੍ਹਾਂ ਚੀਜ਼ਾਂ ਦਾ ਸਬੂਤ ਹੈ ਜੋ ਦੇਖੀਆਂ ਨਹੀਂ ਗਈਆਂ।" ਉਹ ਜਾਣਦੇ ਹਨ ਕਿ ਵਚਨ ਨੇ ਇਹ ਬੋਲਿਆ, ਅਤੇ ਇਹ ਉੱਥੇ ਹੈ। *ਇੱਥੇ* ਇਸਦਾ ਸਬੂਤ ਹੈ। ਉਹ ਇਸ ਨੂੰ ਦੇਖਦੇ ਹਨ। ਹੁਣ ਧਿਆਨ ਦਿਓ। ਔਹ, ਮੇਰੇ!

"ਸਾਡੇ ਗਿਆਨੀ ਪੁਰਖਾਂ ਨੂੰ ਉਹ ਤਾਰਾ ਨਹੀਂ ਦਿਸਦਾ। ਅਜਿਹਾ ਕੁਝ ਵੀ ਨਹੀਂ ਹੈ।"

246 ਕਿਉਂ? ਦਰਅਸਲ, ਜਦੋਂ ਉਹ ਦੇਖ ਰਹੇ ਸਨ, ਅਤੇ ਉਹ ਇੱਕ ਅਜਿਹੇ ਝੁੰਡ ਨਾਲ ਮਿਲ ਗਏ, ਕਿ ਤਾਰਾ ਬਾਹਰ ਚਲਾ ਗਿਆ।

247 ਅੱਜ ਵੀ ਉਹੀ ਗੱਲ ਹੈ। ਇਹ ਕਾਰਣ ਹੈ ਬਹੁਤ ਸਾਰੇ ਪ੍ਰਕਾਸ਼ ਨੂੰ ਬਾਹਰ ਕਰ ਦਿੰਦੇ ਹਨ, ਇਹ ਸਹੀ ਹੈ, ਇਸ ਤਰ੍ਹਾਂ ਦੇ ਝੁੰਡ ਨਾਲ ਜੁੜਨਾ, ਜੋ ਪਹਿਲੀ ਥਾਂ ਤੇ, ਇਸ ਤੇ ਵਿਸ਼ਵਾਸ ਵੀ ਨਹੀਂ ਕਰਦਾ। ਅਤੇ ਸਾਡੇ ਕੋਲ ਇੱਕ—ਇੱਕ ਗਿਰਜਿਆਂ ਦੀ ਏਕਤਾ ਹੋਵੇਗੀ? "ਅਸੀਂ ਸਹਿਮਤੀ ਤੋਂ ਬਿਨਾਂ ਇਕੱਠੇ ਕਿਵੇਂ ਚੱਲਾਂਗੇ?" ਸੰਗਤ ਕਿਵੇਂ ਹੈ…ਇਸ ਦੇ ਇੱਥੇ, ਵਿਸ਼ਵ-ਵਿਆਪੀ, ਸਾਰੇ—ਗਿਰਜੇ, ਸੰਸਾਰ ਦੇ ਸੰਯੁਕਤ ਗਿਰਜੇ? ਅਸੀਂ ਕਿਵੇਂ ਇਕੱਠੇ ਹੋਵਾਂਗੇ, ਜਦ ਸਾਡੇ ਵਿਚਕਾਰ ਲੱਖਾਂ ਮੀਲਾਂ ਦਾ ਫਾਸਲਾ ਹੈ? ਦੇਖੋ? ਅਸੀਂ ਇਸਨੂੰ ਕਿਵੇਂ ਕਰਨ ਜਾ ਰਹੇ ਹਾਂ? ਈਵੇਂਜਲੀਕਲ ਸਾਡੇ ਨਾਲ ਹਨ, ਅਤੇ *ਇਹ*, ਅਤੇ *ਉਹ*, ਅਤੇ *ਉਹ*, ਅਤੇ ਸਾਰੇ ਇਕੱਠੇ, ਅਤੇ ਫਿਰ ਵੀ ਭ੍ਰਿਸ਼ਟਾਚਾਰ ਦੇ ਅਜਿਹੇ ਝੁੰਡ ਨਾਲ ਇੱਕਜੁਟ ਹੋ ਗਏ ਹਨ।

248 ਪਰਮੇਸ਼ੁਰ ਇੱਕ ਪਤਨੀ ਲੈ ਰਿਹਾ ਜੋ ਸ਼ੁੱਧ, ਪਵਿੱਤਰ, ਮਿਲਾਵਟ ਰਹਿਤ, ਉਸਦੇ ਬਚਨ ਵਿੱਚ ਰਹਿੰਦੀ ਹੈ। ਠੀਕ ਹੈ।

249 ਯਿਸੂ ਦੀ ਵਚਨ ਦੇ ਕਾਰਣ ਨਿੰਦਾ। (ਅਤੇ ਫਿਰ ਅਸੀਂ ਬੰਦ ਕਰਾਂਗੇ, ਬਸ ਇੱਕ ਮਿੰਟ ਵਿੱਚ।) ਯਿਸੂ ਦੀ ਵਚਨ ਦੇ ਕਾਰਣ ਨਿੰਦਾ ਕੀਤੀ ਗਈ। ਇੱਥੇ ਦੇਖੋ। ਉਹ ਨਿੰਦਾ ਕਿਵੇਂ ਸਹਿ ਸਕਦਾ ਸੀ, ਜਦਕਿ ਉਹ ਨਿਰੰਕਾਰ, ਦੇਹਧਾਰੀ ਪਰਮੇਸ਼ੁਰ ਸੀ? ਉਹ ਪਰਮੇਸ਼ੁਰ ਸੀ, ਆਪ ਹੀ, ਦੇਹਧਾਰੀ ਹੋਇਆ ਸੀ।

250 ਹੁਣ, ਤੁਸੀਂ ਜਾਣਦੇ ਹੋ ਕਿ ਬਾਈਬਲ ਨੇ ਅਜਿਹਾ ਕਿਹਾ ਹੈ। "ਅਸੀਂ ਉਸਨੂੰ ਛੁਹਿਆ। ਦੂਤਾਂ ਨੇ ਉਸਨੂੰ ਦੇਖਿਆ।" ਜ਼ਰਾ ਇਸ ਬਾਰੇ ਸੋਚੋ। ਮੇਰਾ ਮੰਨਣਾ ਹੈ ਕਿ ਤਿਮੋਥਿਉਸ ਇਸ ਨੂੰ ਇਸ ਤਰ੍ਹਾਂ ਲਿੱਖਦਾ ਹੈ। ਵੇਖਿਆ? ਕਿ, "ਨਿਸੰਗ ਭਗਤੀ ਦਾ ਭੇਤ ਵੱਡਾ ਹੈ; ਕਿਉਂ ਜੋ ਪਰਮੇਸ਼ੁਰ ਸਰੀਰ ਵਿੱਚ ਪਰਗਟ ਹੋਇਆ, ਦੂਤਾਂ ਤੋਂ ਵੇਖਿਆ ਗਿਆ।"

251 ਦੂਤ ਉਸਦੇ ਜਨਮ ਦੇ ਵੇਲੇ ਸਨ। ਦੂਤਾਂ ਨੇ ਕਿਵੇਂ ਹੇਠਾਂ ਵੇਖਿਆ ਹੋਵੇਗਾ ਅਤੇ ਖੁਸ਼ੀ ਮਨਾਈ ਹੋਵੇਗੀ, ਜਦੋਂ ਉਨ੍ਹਾਂ ਨੇ ਹੇਠਾਂ ਖੁਰਲੀ ਨੂੰ ਅਤੇ ਦੇਹਧਾਰੀ ਪਰਮੇਸ਼ੁਰ ਨੂੰ ਵੇਖਿਆ। ਆਮੀਨ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਹਨਾਂ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, "ਅੱਜ, ਦਾਉਦ ਦੇ ਸ਼ਹਿਰ ਵਿੱਚ, ਮੁਕਤੀਦਾਤਾ ਮਸੀਹ ਦਾ ਜਨਮ ਹੋਇਆ ਹੈ।" ਦੂਤ ਅਨੰਦ ਹੋਏ, ਅਤੇ ਉਹਨਾਂ ਨੇ ਇਕੱਠੇ ਹੋ ਕੇ ਆਪਣੇ ਵੱਡੇ ਖੰਭਾਂ ਨੂੰ ਲਹਿਰਾਇਆ, ਅਤੇ ਯਹੂਦੀਆ ਦੀਆਂ ਪਹਾੜੀਆਂ ਉੱਤੇ, ਉਹਨਾਂ ਨੇ ਗਾਇਆ, "ਪਰਮ ਧਾਮ ਵਿੱਚ ਪਰਮੇਸ਼ੁਰ ਦੀ ਮਹਿਮਾ, ਧਰਤੀ ਉੱਤੇ ਸ਼ਾਂਤੀ, ਅਤੇ ਮਨੁੱਖਾਂ ਲਈ ਸ਼ੁਭਕਾਮਨਾਵਾਂ।" ਉਹਨਾਂ ਨੇ ਪਰਮੇਸ਼ੁਰ ਦੇ ਬਚਨ ਨੂੰ ਦੇਖਿਆ, ਕਿ ਉਹਨਾਂ ਨੇ ਇਸ ਉੱਤੇ ਨਜ਼ਰ ਰੱਖੀ ਸੀ, ਇਸ ਨੂੰ ਪ੍ਰਗਟ ਹੁੰਦਾ ਵੇਖਣ ਲਈ। ਅਤੇ ਉੱਥੇ ਇਹ ਸੀ।

252 ਹੁਣ, ਸ਼ੈਤਾਨ ਨੇ ਉਸ ਤੇ ਵਿਸ਼ਵਾਸ ਨਹੀਂ ਕੀਤਾ, ਤੁਸੀਂ ਜਾਣਦੇ ਹੋ। ਉਸ ਨੇ ਕਿਹਾ, "ਜੇ ਤੂੰ ਹੈਂ..."

ਦੂਤ ਨੇ ਕਿਹਾ, "ਉਹ ਹੈ।" ਇਹੀ ਫਰਕ ਹੈ।

"ਜੇ ਤੂੰ ਹੈਂ, ਤਾਂ *ਇੰਝ-ਅਤੇ-ਇੰਝ* ਕਰਕੇ ਵਿਖਾ। ਚਲੋ ਵੇਖੀਏ ਤੂੰ ਕਿਵੇਂ ਈ ਕਰਦਾ ਹੈਂ।"

ਪਰ ਦੂਤ ਨੇ ਕਿਹਾ, "ਉਹ ਉੱਥੇ ਹੈ।"

253 ਆਪਣੇ ਗਿਆਨੀ ਪੁਰਖਾਂ ਨੇ ਆਪਣੇ ਧਾਰਮਿਕ ਵਿਗਿਆਨ ਨਾਲ ਕਿਹਾ, "ਉਹ ਉੱਥੇ ਹੈ।" ਆਮੀਨ।

254 ਇਹੀ ਕਾਰਨ ਹੈ ਕਿ ਪੁਰਾਤੱਤਵ ਵਿਗਿਆਨੀ ਅਤੇ ਹਰ ਚੀਜ਼ ਅੱਜ ਇਨ੍ਹਾਂ ਚੀਜ਼ਾਂ ਦੀ ਭਾਲ ਵਿੱਚ ਹੈ, ਜਿਨ੍ਹਾਂ ਬਾਰੇ ਕੁਝ ਸਾਲ ਪਹਿਲਾਂ ਭਵਿੱਖਬਾਣੀ ਕੀਤੀ ਗਈ ਸੀ, ਇਹ ਪੂਰਾ ਹੋਵੇਗਾ। ਅਤੇ ਉਹ ਇੱਥੇ ਹਨ, ਖੁਦਾਈ ਕਰ ਰਹੇ ਹਨ। ਉਹ ਕਦੇ ਵੀ...

255 ਅਜਿਹਾ ਕੋਈ ਇਤਿਹਾਸ ਨਹੀਂ ਹੈ ਜਿਸ ਨੇ ਕਦੇ ਕਿਹਾ ਹੋਵੇ ਕਿ ਪੋਂਟੀਅਸ ਪਿਲਾਤੁਸ ਕਦੇ ਧਰਤੀ ਤੇ ਸੀ। ਕੀ ਤੁਹਾਨੂੰ ਇਹ ਪਤਾ ਸੀ? ਤੁਹਾਡੇ ਵਿੱਚੋਂ ਕੁਝ ਸਕੂਲੀ ਬੱਚੇ ਮੈਨੂੰ ਇਤਿਹਾਸ ਵਿੱਚ ਉਹ ਥਾਂ ਦੱਸੋ ਜਿਸ ਵਿੱਚ ਕਿਹਾ

ਗਿਆ ਹੈ ਕਿ ਪੋਂਟੀਅਸ ਪਿਲਾਤੁਸ ਸੀ। ਅਤੇ ਅਵਿਸ਼ਵਾਸੀ ਇਸਦੀ ਖਿੱਲੀ ਉਡਾਉਂਦੇ ਹਨ ਅਤੇ ਇਸਦਾ ਮਜ਼ਾਕ ਬਣਾਉਂਦੇ ਹਨ, ਕਹਿੰਦੇ ਹਨ, "ਉੱਥੇ ਕਦੇ ਵੀ ਇੱਕ—ਇੱਕ ਰੋਮਨ ਸਮਰਾਟ ਨਹੀਂ ਸੀ, ਇੱਕ—ਇੱਕ ਹਾਕਮ, ਜਿਸਦਾ ਨਾਮ ਪੋਂਟੀਅਸ ਪਿਲਾਤੁਸ ਸੀ। ਪਰ ਲਗਭਗ ਛੇ ਹਫ਼ਤੇ ਪਹਿਲਾਂ, ਉਨ੍ਹਾਂ ਨੇ ਇੱਕ ਨੀਂਹ ਪੱਥਰ ਪੁੱਟਿਆ: ਪੋਂਟੀਅਸ ਪਿਲਾਤੁਸ, ਗਵਰਨਰ। ਔਹ, ਮੇਰੇ! ਅਜਿਹੀ ਬਕਵਾਸ!

256 ਓਹਨਾਂ ਨੇ ਕਿਹਾ, "ਇਤਿਹਾਸ ਵਿੱਚ ਕਦੇ ਵੀ ਰਾਮਸੇਸ ਨਹੀਂ ਸੀ, ਜਿਹੜਾ ਰਾਮਸੇਸ ਮਿਸਰ ਵਿੱਚ ਸੀ।" ਪਰ ਉਨ੍ਹਾਂ ਨੇ ਇੱਕ ਪੱਥਰ ਪੁੱਟਿਆ, ਪੁਰਾਤੱਤਵ: ਰਾਮਸੇਸ, ਦੂਜਾ। ਧਿਆਨ ਦਿਓ।

257 ਅਤੇ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀਆਂ ਕੰਧਾਂ ਕਦੇ ਨਹੀਂ ਡਿੱਗੀਆਂ। ਪੁਰਾਤੱਤਵ ਵਿਗਿਆਨੀ ਖੁਦਾਈ ਕਰ ਰਹੇ ਸਨ, ਅਤੇ, ਸਭ ਤੋਂ ਪਹਿਲਾਂ ਜੋ ਤੁਸੀਂ ਜਾਣਦੇ ਹੋ, ਉਨ੍ਹਾਂ ਨੇ ਪੁੱਟਿਆ, ਯਰੀਹੋ ਵਿੱਚ ਜਿੱਥੇ ਕੰਧਾਂ ਡਿੱਗੀਆਂ, ਤੁਸੀਂ ਜਾਣਦੇ ਹੋ, ਜਦੋਂ ਤੁਰ੍ਹੀ ਵੱਜੀ ਸੀ। ਓਹਨਾਂ ਨੇ ਕਿਹਾ, "ਇਹ ਸਿਰਫ਼ ਇੱਕ ਦੰਤ ਕਥਾ ਸੀ, ਇੱਕ ਗੀਤ ਜੋ ਕਿਸੇ ਨੇ ਗਇਆ ਸੀ, ਉੱਥੇ ਗਾਇਆ ਹੋਵੇਗਾ।" ਹਾਂ। ਮਖੌਲ ਕਰਨ ਵਾਲੇ ਅਜਿਹਾ ਕਹਿੰਦੇ ਹਨ। "ਇਹ ਸਿਰਫ਼ ਇੱਕ ਦੰਤ ਕਥਾ ਸੀ। ਕੰਧਾਂ ਡਿੱਗਣ ਵਰਗੀ ਕੋਈ ਗੱਲ ਨਹੀਂ ਸੀ, ਅਤੇ ਯਹੋਸ਼ੁਆ ਨੇ ਤੁਰ੍ਹੀ ਵਜਾਈ ਅਤੇ ਕੰਧਾਂ ਵੱਲ ਭੱਜਿਆ ਅਤੇ ਉਹ ਹੇਠਾਂ ਡਿੱਗ ਪਈਆਂ। ਕਦੇ ਵੀ ਅਜਿਹੀ ਗੱਲ ਨਹੀਂ ਹੋਈ।" ਅਤੇ ਕੋਈ ਮਹਾਨ ਮਸੀਹੀ ਪੁਰਾਤੱਤਵ ਵਿਗਿਆਨੀ ਬਸ ਖੁਦਾਈ ਕਰਦਾ ਰਿਹਾ, ਕਿਉਂਕਿ ਉਹ ਜਾਣਦਾ ਸੀ ਕਿ ਅਜਿਹਾ ਹੋਣਾ ਹੀ ਚਾਹੀਦਾ ਹੈ। ਉਸ ਨੇ ਤੀਹ-ਕੁ ਫੁੱਟ ਖੁਦਾਇ ਕੀਤੀ, ਹੇਠਾਂ ਜਿੱਥੇ ਬਾਕੀ ਸਨ। ਉੱਥੇ ਕੰਧਾਂ ਸਨ, ਠੀਕ ਇੱਕ ਦੂਜੇ ਦੇ ਉੱਪਰ ਢੇਰੀ ਹੋਈਆਂ ਪਈਆਂ ਸਨ, ਬਿਲਕੁਲ ਜਿਵੇਂ ਬਚਨ ਵਿੱਚ ਸੀ।

258 ਓਹਨਾਂ ਨੇ ਕਿਹਾ, "ਅਜਿਹੀ ਕੋਈ ਚੀਜ਼ ਨਹੀਂ ਸੀ ਕਿ ਡਾਉਡ ਨੇ ਕਦੇ ਆਪਣੇ ਸਾਜ਼ ਤੇ ਵਜਾਇਆ ਹੋਵੇ, ਇੱਕ ਤਾਰਾਂ ਦੀ ਰਬਾਬ, ਕਿਉਂਕਿ ਪੰਦਰਵੀਂ ਸਦੀ ਤੱਕ ਤਾਰਾਂ ਵਾਲੇ ਸੰਗੀਤ ਦਾ ਪਤਾ ਨਹੀਂ ਸੀ।" ਕਿਹਾ, "ਅਜਿਹੀ ਗੱਲ ਕਦੇ ਨਹੀਂ ਹੋਈ।" ਮਸੀਹੀ ਪੁਰਾਤੱਤਵ ਵਿਗਿਆਨੀਆਂ ਨੇ, ਮਿਸਰ ਵਿੱਚ ਖੁਦਾਈ ਕੀਤੀ। ਚਾਰ ਹਜ਼ਾਰ ਸਾਲ ਪਹਿਲਾਂ, ਉਨ੍ਹਾਂ ਕੋਲ ਤਾਰਾਂ ਵਾਲੇ ਸਾਜ਼ ਸਨ। ਆਮੀਨ। ਔਹ, ਮੇਰੇ!

259 ਉਨ੍ਹਾਂ ਨੇ ਕਿਹਾ, ਇਬਰਾਨੀ ਬੱਚਿਆਂ ਵੱਲੋਂ ਤੂੜੀ ਤੋਂ ਪੱਥਰ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਬਣਾਉਣ ਬਾਰੇ, "ਅਜਿਹੀ ਕੋਈ ਗੱਲ ਨਹੀਂ ਸੀ।" ਪੁਰਾਤੱਤਵ-ਵਿਗਿਆਨੀ ਉੱਥੇ ਖੁਦਾਈ ਕਰਨ ਗਏ ਸਨ। ਉਨ੍ਹਾਂ ਨੂੰ ਕੀ ਮਿਲਿਆ? ਇਹ

ਵਿਗਿਆਨ ਹੈ। ਉਨ੍ਹਾਂ ਨੂੰ ਕੀ ਮਿਲਿਆ? ਸ਼ਹਿਰ ਦੀਆਂ ਕੰਧਾਂ ਜੋ ਇਬਰਾਨੀਆਂ ਨੇ ਬਣਾਈਆਂ ਸਨ, ਪੱਥਰਾਂ ਦੀ ਪਹਿਲੀ ਪਰਤ ਤੇ ਲੰਬਾ ਘਾਹ ਸੀ; ਦੂਜੀ ਪਰਤ ਨੂੰ ਪਰਾਲੀ ਦੇ ਛੋਟੇ-ਛੋਟੇ ਟੁਕੜਿਆਂ ਵਿੱਚ ਕੱਟਿਆ ਗਿਆ ਸੀ; ਅਤੇ ਤੀਜੀ ਪਰਤ ਵਿੱਚ ਕੋਈ ਤੂੜੀ ਨਹੀਂ ਸੀ, ਬਿਲਕੁਲ ਵੀ ਨਹੀਂ। ਔਹ, ਮੇਰੇ!

ਰਾਸ਼ਟਰ ਟੁੱਟ ਰਹੇ ਹਨ, ਇਜ਼ਰਾਈਲ ਜਾਗ ਰਿਹਾ ਹੈ,
ਉਹ ਚਿੰਨ੍ਹ ਜਿਨ੍ਹਾਂ ਬਾਰੇ ਨਬੀਆਂ ਨੇ ਭਵਿੱਖਬਾਣੀ ਕੀਤੀ ਸੀ;

260 ਹਾਂ, ਸ਼੍ਰੀਮਾਨ। ਇਹਨਾਂ ਸਭ ਗੱਲਾਂ ਨੂੰ ਸਾਡੇ ਕੋਲ ਪਹੁੰਚਾਇਆ ਗਿਆ ਹੈ, ਭਾਈਓ, ਭੈਣੋ। ਇਹ ਕਿਉਂ ਹੈ? ਪਿਛਲੇ ਕੁਝ ਸਾਲਾਂ ਵਿੱਚ, ਫਿਲਮ ਜਗਤ ਨੇ ਕਦੇ ਵੀ ਉਹ ਨਹੀਂ ਕੀਤਾ ਜੋ ਉਸਨੇ ਕੀਤਾ ਹੈ। ਫਿਲਮੀ ਪਰਦੇ ਤੇ ਸੇਸਿਲ ਡੀਮਿਲ ਦੁਆਰਾ *ਦ ਟੈਣ ਕਮਾਂਡਮੈਂਟਸ* ਦੀ ਕਹਾਣੀ ਲਿਆਂਦੀ ਗਈ ਹੈ। ਫਿਲਮੀ ਪਰਦੇ ਤੇ *ਬੇਨ ਹੂਰ* ਦੁਆਰਾ ਯਿਸੂ ਮਸੀਹ ਦਾ ਜੀਵਨ ਬਾਰੇ ਦੱਸਿਆ ਗਿਆ ਹੈ। ਫਿਲਮੀ ਪਰਦੇ ਤੇ *ਦ ਬਿਗ ਫਿਸ਼ਰਮੈਨ*, ਜਿਸ ਵਿੱਚ ਪਤਰਸ ਦਾ ਬਦਲਣਾ ਦੱਸਿਆ ਗਿਆ ਹੈ। ਅਤੇ ਇਹ ਸਾਰੇ ਧਾਰਮਿਕ ਨਾਟਕ, ਜਿਨ੍ਹਾਂ ਦਾ ਫਿਲਮਾਂ ਨੇ ਇਨਕਾਰ ਕਰ ਦਿੱਤਾ ਸੀ, ਅਤੇ ਗੰਦਾ ਕੀਤਾ, ਅਤੇ ਬਾਹਰ ਸੁੱਟ ਦਿੱਤਾ ਸੀ। ਪਰ, ਪਰਮੇਸ਼ੁਰ, ਆਪਣੀ ਸ਼ਕਤੀਸ਼ਾਲੀ ਸਮਰਥ ਵਿੱਚ, ਇਸ ਨੂੰ ਬਿਲਕੁਲ ਉਸੇ ਤਰ੍ਹਾਂ ਅੱਗੇ ਲੈ ਕੇ ਆਇਆ ਹੈ।

261 ਹੁਣ, ਉਹ ਗੱਲਾਂ ਜੋ ਕੁਝ ਸਾਲ ਪਹਿਲਾਂ ਕਹੀਆਂ ਗਈਆਂ ਸਨ, ਪਰਮੇਸ਼ੁਰ ਦੇ ਇੱਕ ਗਰੀਬ, ਨਿਮਾਣੇ ਸੇਵਕ ਦੁਆਰਾ, ਜੋ ਮੈਂ ਖੁਦ ਹਾਂ, ਮੈਂ ਕਿਹਾ, "ਉੱਥੇ ਇੱਕ ਜੋਤ ਖੜੀ ਸੀ ਅਤੇ ਮੇਰੇ ਨਾਲ ਗੱਲ ਕੀਤੀ, ਅਤੇ ਮੈਨੂੰ ਕੁਝ ਚੀਜ਼ਾਂ ਕਰਣ ਬਾਰੇ ਕਿਹਾ।" ਲੋਕ ਹੱਸੇ ਅਤੇ ਕਿਹਾ, "ਉਸ ਦਾ ਸਿਰ ਥੋੜਾ ਜਿਹਾ ਘੁੰਮ ਗਿਆ ਹੈ।" ਉੱਥੇ ਇਸਦੀ ਇੱਕ ਤਸਵੀਰ ਹੈ। ਵਿਗਿਆਨ ਨੇ ਇਹ ਲਈ ਸੀ। ਇਹ ਉੱਥੇ ਹੈ। ਇਹ ਸੱਚ ਹੈ।

ਮੈਂ ਕਿਹਾ, "ਉਸ ਔਰਤ ਤੇ ਮੌਤ ਦਾ ਛਾਇਆ ਹੈ।"

262 ਓਹਨਾਂ ਨੇ ਕਿਹਾ, "ਇੱਕ ਛਾਇਆ, ਹੁਣ, ਇਹ ਬਕਵਾਸ ਹੈ। ਉਹ ਬਸ ਆਪਣੇ ਮਨ ਵਿੱਚ ਇਹ ਗੱਲਾਂ ਬਣਾਉਂਦਾ ਹੈ।"

263 ਉੱਥੇ ਇਸਦੀ ਤਸਵੀਰ ਹੈ। ਪਰਮੇਸ਼ੁਰ ਪੱਥਰਾਂ ਨੂੰ ਪੁਕਾਰਣ ਲਾਵੇਗਾ। ਉਹ ਜੋ ਚਾਹੁੰਦਾ ਹੈ ਉਹ ਕਰਨ ਦੇ ਯੋਗ ਹੈ।

264 ਯਿਸੂ, ਵਚਨ ਦੇ ਲਈ ਨਿੰਦਾ। ਪਰਮੇਸ਼ੁਰ ਦਾ ਦੈਵਿਕ ਪੁੱਤਰ ਉੱਥੇ ਖੜ੍ਹਾ ਸੀ, ਇਮਾਨੂਏਲ, ਕਿਹੋ ਜਿਹੀ ਨਿੰਦਾ ਸੀ! ਅਵਿਸ਼ਵਾਸੀ ਪਾਪੀਆਂ ਨੇ ਉਸਨੂੰ ਬੰਨ੍ਹ ਦਿੱਤਾ, ਉਸਦੇ ਮੂੰਹ ਤੇ ਥੁੱਕਿਆ, ਅਤੇ ਮੁੱਠੀ ਭਰ ਕੇ ਉਸਦੀ ਦਾੜ੍ਹੀ ਪੁੱਟ

ਸੁੱਟੀ, ਅਤੇ ਉਸਨੂੰ ਕਹਿੰਦੇ ਸਨ ਕਿ ਇਹਦਾ ਬਦਲਾ ਲੈਣ ਦੀ ਹਿੰਮਤ ਵਿਖਾ। ਵਚਨ ਦੇ ਕਾਰਨ ਨਿੰਦਾ! ਉਂ-ਹੂੰ। ਕੀ? ਪਿਤਾ ਦੇ ਬਚਨ ਨੂੰ ਪੂਰਾ ਕਰਨ ਲਈ। ਔਹ! ਪਰ, ਯਾਦ ਰੱਖੋ, ਉਸਨੂੰ ਮੌਤ ਦੀ ਨਿੰਦਾ ਲਈ ਜ਼ਰੂਰ ਖੜ੍ਹਾ ਰਹਿਣਾ ਸੀ। ਪਰਮੇਸ਼ੁਰ, ਜੋ ਮਰ ਨਹੀਂ ਸਕਦਾ, ਅਤੇ ਇਕੱਲਾ ਉਹੀ ਹੈ ਜੋ ਇੱਕ ਪਾਪੀ ਨੂੰ ਬਚਾਉਣ ਲਈ ਮਰ ਸਕਦਾ ਹੈ। ਕੋਈ ਹੋਰ ਨਹੀਂ, ਕੋਈ ਦੂਜਾ ਜਾਂ ਤੀਜਾ ਵਿਅਕਤੀ ਅਜਿਹਾ ਨਹੀਂ ਕਰ ਸਕਦਾ ਸੀ। ਕੇਵਲ ਪਰਮੇਸ਼ੁਰ ਆਪ ਹੀ ਇਹ ਕਰ ਸਕਦਾ ਹੈ। ਅਤੇ ਇੱਥੇ ਉਹ ਸੀ।

265 ਉਸ ਨੇ ਕਿਹਾ, "ਸੁਰਗ ਨੂੰ ਕੋਈ ਨਹੀਂ ਚੜ੍ਹਿਆ ਪਰ ਉਹ ਜਿਹੜਾ ਸੁਰਗ ਤੋਂ ਉੱਤਰਿਆ, ਅਰਥਾਤ ਮਨੁੱਖ ਦਾ ਪੁੱਤ੍ਰ ਜਿਹੜਾ ਹੁਣ ਸੁਰਗ ਵਿੱਚ ਹੈ।" ਆਮੀਨ।

266 ਓਹਨਾਂ ਨੇ ਕਿਹਾ, "ਸਾਡੇ ਪਿਉ ਦਾਦਿਆਂ ਨੇ ਉਜਾੜ ਵਿੱਚ ਮੰਨ ਖਾਧਾ।"

"ਅਤੇ ਉਹ ਮਰ ਗਏ ਹਨ," ਉਸ ਨੇ ਕਿਹਾ।

"ਅਤੇ ਤੂੰ ਕਹਿੰਦਾ ਹੈਂ ਕਿ ਤੂੰ ਜੀਵਨ ਦੀ ਰੋਟੀ ਹੈਂ?"

267 ਉਸ ਨੇ ਕਿਹਾ, "ਅਬਰਾਹਾਮ ਤੋਂ ਪਹਿਲਾਂ, **ਮੈਂ ਹਾਂ**। ਮੈਂ ਜੀਵਨ ਦੀ ਰੋਟੀ ਹਾਂ। ਮੈਂ ਹਾਂ ਜੋ **ਮੈਂ ਹਾਂ**।"

268 ਓਹਨਾਂ ਨੇ ਕਿਹਾ, "ਤੇਰੀ ਉਮਰ ਅਜੇ ਪੰਜਾਹ ਸਾਲ ਵੀ ਨਹੀਂ ਹੈਂ, ਅਤੇ ਕਹਿੰਦਾ ਹੈਂ ਕਿ ਤੂੰ 'ਅਬਰਾਹਾਮ ਨੂੰ ਦੇਖਿਆ ਹੈ'?"

269 ਉਸ ਨੇ ਕਿਹਾ, "ਅਬਰਾਹਾਮ ਤੋਂ ਪਹਿਲਾਂ, **ਮੈਂ ਹਾਂ**।" ਅਤੇ ਫਿਰ ਪਾਪੀਆਂ ਨੂੰ, ਸੰਪਰਦਾਇਕ ਕਲੀਸਿਯਾ ਨੂੰ, ਆਪਣੇ ਆਪ ਨੂੰ ਬੰਨ੍ਹਣ ਦਿੱਤਾ।

270 ਤੁਹਾਨੂੰ ਯਾਦ ਹੈ, ਆਖਰੀ ਦਿਨ, ਇਸ ਅਮੀਰ ਲਾਓਡੀਸੀਅਨ ਚਰਚ, ਉਨ੍ਹਾਂ ਨੇ ਉਸਨੂੰ, ਇੱਥੋਂ ਤੱਕ, ਚਰਚ ਤੋਂ ਬਾਹਰ ਕਰ ਦਿੱਤਾ ਸੀ। ਤੁਸੀਂ ਦੇਖ ਰਹੇ ਹੋ ਕਿ ਇਹ ਹੁਣ ਕਿੱਥੇ ਹੈ? ਕੀ ਤੁਸੀਂ ਦੇਖ ਸਕਦੇ ਹੋ ਕਿ ਮੈਂ ਉਸ ਵਿਵਸਥਾ ਦੇ ਵਿਰੁੱਧ ਕਿਉਂ ਪੁਕਾਰ ਰਿਹਾ ਹਾਂ?

271 ਯਿਸੂ ਨੇ ਪਾਪੀਆਂ ਨੂੰ ਉਸ ਨੂੰ ਕਿਉਂ ਬੰਨ੍ਹਣ ਦਿੱਤਾ? ਇਹ ਬਚਨ ਨੂੰ ਪੂਰਾ ਕਰਨ ਲਈ, ਮਰਦੇ ਹੋਏ, ਪਰਮੇਸ਼ੁਰ ਦੇ ਲਈ ਇੱਕ ਨਿੰਦਾ ਲਿਆਉਣ ਲਈ। ਪਰਮੇਸ਼ੁਰ ਨੇ ਮਰਨਾ ਸੀ। ਉਸ ਨੂੰ ਦੇਹ ਵਿੱਚ ਆਉਣਾ ਪੈਣਾ ਸੀ, ਤਾਂ ਜੋ ਉਹ ਮਰ ਸਕੇ। ਅਤੇ ਯਿਸੂ ਨੂੰ ਇਹ ਪਤਾ ਸੀ। ਉਸ ਨੇ ਉਨ੍ਹਾਂ ਨੂੰ ਇਸ ਬਾਰੇ ਦੱਸਿਆ ਸੀ। ਉਸ ਨੇ ਕਿਹਾ, "ਇਸ ਹੈਕਲ ਨੂੰ ਢਾਹ ਸੁੱਟੋ, ਤਾਂ ਮੈਂ ਤਿੰਨਾਂ ਦਿਨਾਂ ਵਿੱਚ ਇਹ ਨੂੰ ਖੜਾ ਕਰ ਦਿਆਂਗਾ।" ਇਸ ਨੂੰ ਕੋਈ ਹੋਰ ਖੜਾ ਨਹੀਂ ਕਰੇਗਾ। "ਮੈਂ ਖੜ੍ਹਾ ਕਰਾਂਗਾ। ਤਿੰਨ ਦਿਨਾਂ ਵਿੱਚ, ਮੈਂ ਇਸਨੂੰ ਦੁਬਾਰਾ ਵਾਪਸ ਲਿਆਵਾਂਗਾ।

ਤੁਸੀਂ ਇਸ ਨੂੰ ਢਾਹ ਦਿਓ; ਮੈਂ ਇਸਨੂੰ ਖੜ੍ਹਾ ਕਰਾਂਗਾ। ਕਿਉਂਕਿ ਜਿਸ ਤਰ੍ਹਾਂ ਯੂਨਾਹ ਤਿੰਨ ਦਿਨ ਅਤੇ ਤਿੰਨ ਰਾਤ ਮੱਛੀ ਦੇ ਢਿੱਡ ਵਿੱਚ ਸੀ, ਉਸੇ ਤਰ੍ਹਾਂ ਮਨੁੱਖ ਦਾ ਪੁੱਤ੍ਰ ਤਿੰਨ ਦਿਨ ਅਤੇ ਤਿੰਨ ਰਾਤ ਧਰਤੀ ਦੇ ਅੰਦਰ ਹੋਵੇਗਾ।" ਅਤੇ ਉਹ ਇਸ ਨੂੰ ਸਮਝ ਵੀ ਨਹੀਂ ਸਕੇ। ਸਮਝੇ? ਵਚਨ ਦੇ ਲਈ ਇੱਕ ਨਿੰਦਾ, ਉਹ—ਉਹ ਸੀ।

272 ਹੁਣ, ਮੌਤ ਤਕ ਉਸ ਦਾ ਮਜ਼ਾਕ ਉਡਾਇਆ ਗਿਆ, ਸਦੀਪਕ ਜੀਵਨ ਲਈ ਦੁਬਾਰਾ ਜੀ ਉੱਠਣ ਲਈ। ਉਸਨੂੰ ਪਹਿਲਾਂ ਮੌਤ ਦੇ ਘਾਟ ਉਤਾਰਿਆ ਜਾਣਾ ਸੀ, ਤਾਂ ਜੋ ਉਹ ਸਦੀਪਕ ਜੀਵਨ ਲਈ ਉਠ ਸਕੇ, ਅਤੇ ਹਰ ਦੂਜੇ ਮਨੁੱਖ ਨੂੰ (ਜੋ ਕਿ ਉਸਦੇ ਰੂਪ ਵਿੱਚ ਸੀ) ਸਦੀਪਕ ਜੀਵਨ ਵਿੱਚ ਲਿਆਵੇ, ਜੋ ਵੀ ਉਸਨੂੰ ਸਵੀਕਾਰ ਕਰੇਗਾ। ਸਮਝੇ? ਉਹ ਮਨੁੱਖ ਬਣ ਗਿਆ, ਰਿਸ਼ਤੇਦਾਰ ਮੁਕਤੀਦਾਤਾ ਬਣ ਗਿਆ, ਅਤੇ ਸਾਰੇ ਸਾਰੇ ਮਖੌਲਾਂ ਦੀ ਨਿੰਦਾ ਦਾ ਸਾਹਮਣਾ ਕਰਨਾ ਪਿਆ, ਅਤੇ ਸਾਰੇ ਮਜ਼ਾਕ ਨੂੰ ਸਹਿਣਾ ਪਿਆ, ਜਿਵੇਂ ਉਸਦੇ ਸਾਥੀ ਸੇਵਕਾਂ ਨੇ ਉਸਦੇ ਅੱਗੇ ਕੀਤਾ ਸੀ। ਮੂਸਾ ਵਾਂਗ, ਨੂਹ ਵਾਂਗ, ਜਿਵੇਂ ਬਾਕੀ ਸਾਰੀਆਂ ਨੇ ਉਸ ਮਜਾਕ ਲਈ ਖੜ੍ਹੇ ਰਹੇ ਸਨ, ਉਸਨੂੰ ਮਖੌਲ ਲਈ ਖੜ੍ਹਾ ਰਹਿਣਾ ਪਿਆ। ਕਿਉਂ? ਉਸ ਕੋਲ ਵਚਨ ਸੀ, ਅਤੇ ਉਹ ਵਚਨ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਪਹਿਲਿਆਂ ਨਾਲੋਂ ਵੱਧ ਉਸਦਾ ਮਜ਼ਾਕ ਉਡਾਇਆ। ਉਹ ਦੈਵਿਕ ਸੀ ਅਤੇ ਆਪ ਹੀ ਵਚਨ ਸੀ। ਹਲਲੂਯਾਹ! ਇਹੀ ਹੈ ਜਿਸ ਨੇ ਉਸਨੂੰ ਬਣਾਇਆ।

273 ਯਿਸੂ ਨੇ ਕਿਹਾ, "ਤੁਸੀਂ ਪਖੰਡੀਓ।" ਕਿਹਾ, "ਤੁਸੀਂ ਨਬੀਆਂ ਦੀਆਂ ਕਬਰਾਂ ਬਣਾਉਂਦੇ ਹੋ, ਅਤੇ ਤੁਸੀਂ ਹੀ ਉਹਨਾਂ ਨੂੰ ਉੱਥੇ ਮਾਰ ਕੇ ਸੁੱਟਦੇ ਹੋ। ਉਹ ਪਰਮੇਸ਼ੁਰ ਦੇ ਬਚਨ ਨਾਲ ਆਏ, ਅਤੇ ਤੁਸੀਂ ਉਹਨਾਂ ਤੇ ਵਿਸ਼ਵਾਸ ਨਹੀਂ ਕੀਤਾ। ਤੁਸੀਂ ਉਨ੍ਹਾਂ ਵਿੱਚੋਂ ਹਰ ਇੱਕ ਲਈ ਦੋਸ਼ੀ ਹੋ।"

274 ਫੀਨਿਕਸ ਵਿਖੇ, ਪਰਮੇਸ਼ੁਰ ਦੀ ਇੱਛਾ ਨਾਲ, ਮੈਂ ਉਸ ਦਿਨ ਇੱਕ ਪਰਮੇਸ਼ਰ ਦੇ ਵਚਨ ਨੂੰ ਲਿਆ, ਮੈਂ ਇਸ ਪੀੜ੍ਹੀ ਨੂੰ ਯਿਸੂ ਮਸੀਹ ਨੂੰ ਮਾਰਨ, ਉਸ ਨੂੰ ਦੁਬਾਰਾ ਸਲੀਬ ਤੇ ਚੜ੍ਹਾਉਣ ਲਈ ਦੋਸ਼ੀ ਠਹਿਰਾਉਣ ਜਾ ਰਿਹਾ ਹਾਂ, ਮੈਂ ਉਸ ਸੇਵਕਾਂ ਦੀ ਮੰਡਲੀ ਦੇ ਸਾਹਮਣੇ ਇੱਕ ਇਲਜ਼ਾਮ ਲਿਆਉਣ ਜਾ ਰਿਹਾ ਹਾਂ, ਜੇ ਪਰਮੇਸ਼ਰ ਦੀ ਇੱਛਾ ਹੋਈ। ਉਹ ਯਿਸੂ ਮਸੀਹ ਦੇ ਲਹੂ ਦੇ ਦੋਸ਼ੀ ਹਨ, ਉਸ ਨੂੰ ਦੁਬਾਰਾ ਸਲੀਬ ਤੇ ਚੜ੍ਹਾਉਣ ਲਈ। ਹਾਂ, ਸ਼੍ਰੀਮਾਨ। ਸਭਨੂੰ ਦੋਸ਼ੀ ਠਹਿਰਾਵਾਂਗਾ!

275 ਪਤਰਸ ਨੇ ਪੰਤੇਕੁਸਤ ਦੇ ਦਿਨ, ਉਨ੍ਹਾਂ ਨੂੰ ਦੋਸ਼ੀ ਠਹਿਰਾਇਆ। ਉਸ ਨੇ ਕਿਹਾ, "ਤੁਸੀਂ ਇਹਨਾਂ ਦੁਸ਼ਟ ਹੱਥਾਂ ਨਾਲ ਜੀਵਨ ਦੇ ਰਾਜਕੁਮਾਰ ਨੂੰ ਸਲੀਬ

ਤੇ ਚੜ੍ਹਾਇਆ ਹੈ, ਜਿਸ ਨੂੰ ਪਰਮੇਸ਼ੁਰ ਨੇ ਜਿਉਂਦਾ ਕੀਤਾ ਹੈ। ਅਸੀਂ ਗਵਾਹ ਹਾਂ।" ਉਸਨੇ ਇੱਕ ਦੋਸ਼ ਲਗਾਇਆ।

276 ਮੈਂ ਪਰਮੇਸ਼ੁਰ ਦਾ ਬਚਨ ਲੈਣ ਜਾ ਰਿਹਾ ਹਾਂ, ਹਰ ਸੰਪਰਦਾ ਨੂੰ ਦੋਸ਼ੀ ਠਹਿਰਾਉਂਦਾ ਹਾਂ, ਅਤੇ ਧਰਤੀ ਦੇ ਉੱਤੇ ਹਰੀਕ ਆਦਮੀ ਤੇ, ਜੋ ਯਿਸੂ ਮਸੀਹ ਦੇ ਲਹੂ ਦਾ ਦੋਸ਼ ਹੈ। ਪਰਮੇਸ਼ੁਰ ਉਸ ਦਿਨ ਉਸ ਦਾ ਮੁਖਤਿਆਰ ਬਣਨ ਲਈ ਮੇਰੀ ਮਦਦ ਕਰ। ਆਮੀਨ। ਹਾਂ।

277 ਔਹ, ਮਖੌਲੀਆਂ ਨੇ ਉਸਦਾ ਮਜ਼ਾਕ ਉਡਾਇਆ। ਉਨ੍ਹਾਂ ਨੇ ਉਸ ਦੀ ਨਿੰਦਾ ਕੀਤੀ। ਉਹ ਬਿਲਕੁਲ ਇਸ ਦੇ ਨਾਲ ਖੜ੍ਹਾ ਰਿਹਾ। ਆਮੀਨ। ਔਹ! ਦੇਖੋ ਉਸਨੇ ਕੀ ਕੀਤਾ। ਉਹ ਪਰਮੇਸ਼ੁਰ ਦਾ ਪੁੱਤਰ ਸੀ, ਉਸਨੇ ਪਾਪ ਨੂੰ ਮੌਤ ਦੇ ਘਾਟ ਉਤਾਰਨ ਲਈ ਮੌਤ ਝੱਲੀ। ਉਸਨੂੰ ਅਜਿਹਾ ਕਰਨਾ ਪਿਆ। ...ਇਹੀ ਇੱਕੋ ਇੱਕ ਤਰੀਕਾ ਹੈ ਜਿਸ ਨਾਲ ਇਸ ਨੂੰ ਮਾਰਿਆ ਜਾ ਸਕਦਾ ਹੈ। ਅਤੇ ਉਸਨੇ ਇਹ ਕੀਤਾ, ਅਤੇ ਇਸ ਦਾ ਸਾਹਮਣਾ ਕੀਤਾ, ਕਿਉਂਕਿ ਬਾਕੀ ਸਾਰਿਆਂ ਨੇ ਇਹ ਕੀਤਾ ਸੀ।

278 ਕਿਉਂਕਿ, ਉਨ੍ਹਾਂ ਸਾਰਿਆਂ ਕੋਲ ਪਰਮੇਸ਼ੁਰ ਦੇ ਵਚਨ ਦਾ ਛੋਟਾ ਹਿੱਸਾ ਸੀ। ਕਿਉਂਕਿ, ਯਿਸੂ ਨੇ ਅਜਿਹਾ ਕਿਹਾ ਸੀ। "ਪ੍ਰਭੂ ਦਾ ਬਚਨ ਨਬੀਆਂ ਕੋਲ ਆਇਆ। ਅਤੇ ਉਹਨਾਂ ਵਿੱਚੋਂ ਕਿਹੜਾ ਸੀ," ਉਸ ਨੇ ਕਿਹਾ, "ਜਿਸ ਨੂੰ ਤੁਹਾਡੇ ਪਿਉ-ਦਾਦਿਆਂ, ਤੁਹਾਡੇ ਸੰਗਠਿਤ ਧਰਮ ਨੇ ਪਥਰਾਓ ਨਹੀਂ ਕੀਤਾ ਅਤੇ ਮੌਤ ਦੇ ਘਾਟ ਨਹੀਂ ਉਤਾਰਿਆ? ਉਨ੍ਹਾਂ ਵਿੱਚੋਂ ਕਿਸ ਨੇ ਨਬੀਆਂ ਨੂੰ ਸਵੀਕਾਰ ਕੀਤਾ? ਫਿਰ ਤੁਸੀਂ ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਉਨ੍ਹਾਂ ਦੀ ਕਬਰ ਬਣਾਉਂਦੇ ਹੋ।" ਉਸ ਨੇ ਕਿਹਾ, "ਤੁਸੀਂ ਉਹਨਾਂ ਨੂੰ ਉੱਥੇ ਰੱਖਣ ਦੇ ਦੋਸ਼ੀ ਹੋ।"

279 ਤਦ ਉਹ ਉਨ੍ਹਾਂ ਨੂੰ ਅੰਗੂਰੀ ਬਾਗ਼ ਦੀ ਦ੍ਰਿਸ਼ਟਾਂਤ ਦਿੰਦਾ ਹੈ, ਅਤੇ ਨੌਕਰ ਆਏ। ਉਨ੍ਹਾਂ ਨੇ ਉਨ੍ਹਾਂ ਨਾਲ ਬਦਸਲੂਕੀ ਕੀਤੀ, ਫਿਰ ਆਖਰਕਾਰ ਕਿਹਾ, "ਹੁਣ ਅਸੀਂ ਪੁੱਤਰ ਨੂੰ ਮਾਰ ਦੇਵਾਂਗੇ, ਕਿਉਂਕਿ ਉਹ ਵਾਰਸ ਹੈ।" ਸਮਝੇ? ਔਹ, ਉਹ ਉਸ ਨੂੰ ਦੇਖ ਕੇ ਗੁੱਸੇ ਹੋ ਗਏ। ਵੇਖਿਆ?

280 ਪਰ ਉਸ ਨੂੰ ਨਿੰਦਾ ਦਾ ਸਾਹਮਣਾ ਕਰਨਾ ਪਿਆ। ਅਤੇ ਇੱਥੇ ਉਹ ਆਪਣੇ ਆਪ ਨੂੰ ਬੰਨ੍ਹਿਆ ਹੋਇਆ, ਮੌਤ ਤੱਕ ਲੈ ਜਾਂਦਾ ਹੈ, ਮਾਰੇ ਜਾਣ ਦੇ ਲਈ, ਸਦੀਪਕ ਜੀਵਨ ਨੂੰ ਵਾਪਸ ਲਿਆਉਣ ਲਈ। ਪਰਮੇਸ਼ੁਰ ਦੀ ਮਹਿਮਾ ਹੋਵੇ! ਔਹ, ਮੈਂ ਉਸਨੂੰ ਕਿੰਨਾ ਪ੍ਰੇਮ ਕਰਦਾ ਹਾਂ! ਸਦੀਪਕ ਜੀਵਨ ਨੂੰ ਵਾਪਸ ਲਿਆਓਣ ਲਈ ਅਤੇ ਪਰਮੇਸ਼ੁਰ ਦੇ ਹਰੇਕ ਪੁੱਤਰ ਨੂੰ ਖੜ੍ਹਾ ਕਰਨ ਲਈ, ਸਾਰੇ ਯੁਗਾਂ ਦੇ ਦੌਰਾਨ, ਜਿਹੜੇ ਉਸ ਬਚਨ ਦੇ ਨਾਲ ਖੜ੍ਹੇ ਰਹੇ ਅਤੇ ਨਿੰਦਾ ਨੂੰ ਲੈ ਲਿਆ। ਇਹ ਠੀਕ ਹੈ।

281 ਜੇ ਉਹ ਨਾ ਆਇਆ ਹੁੰਦਾ, ਤਾਂ ਨੂਹ ਜੁਆਲਿਆ ਨਾ ਜਾ ਸਕਦਾ ਸੀ। ਜੇ ਉਹ ਨਾ ਆਇਆ ਹੁੰਦਾ, ਤਾਂ ਏਲੀਯਾਹ ਵਾਪਸ ਨਹੀਂ ਆ ਸਕਦਾ ਸੀ। ਜੇ ਉਹ ਨਾ ਆਇਆ ਹੁੰਦਾ, ਤਾਂ ਨੂਹ ਕਦੇ ਖੜ੍ਹਾ ਨਹੀਂ ਹੁੰਦਾ, ਜੇ ਉਹ ਨਾ...ਜੇਕਰ ਉਹ ਨਾ ਆਇਆ ਹੁੰਦਾ। ਕਿਉਂਕਿ, ਉਹ ਉਹ ਪਹਿਲਾਂ ਤੋਂ ਠਹਿਰਾਇਆ ਹੋਇਆ ਲੇਲਾ ਸੀ, ਜੋ ਆਪਣੇ ਆਪ ਤੇ ਨਿੰਦਾ ਲੈਣ ਲਈ ਆਇਆ ਸੀ, ਅਤੇ ਪਰਮੇਸ਼ੁਰ ਦੇ ਹਰੇਕ ਬਚਨ ਲਈ ਮਰਿਆ ਜੋ ਬੋਲਿਆ ਗਿਆ ਸੀ, ਅਤੇ ਜਿਸ ਦੇ ਲਈ ਇਹ ਧਰਮੀ ਆਦਮੀ ਖੜ੍ਹੇ ਰਹੇ ਸਨ। ਉਸ ਨੇ ਹੋਣਾ ਸੀ। ਹੋਰ ਕੋਈ ਇਹ ਨਹੀਂ ਕਰ ਸਕਦਾ ਸੀ। ਪਰਮੇਸ਼ੁਰ ਨੇ ਆਪ ਹੀ, ਅਤੇ ਉਸਨੇ ਆ ਕੇ ਉਹ ਜਗ੍ਹਾ ਲੈ ਲਈ, ਤਾਂ ਜੋ ਉਹ ਛੁਡਾ ਸਕੇ ਅਤੇ ਸਦੀਪਕ ਜੀਵਨ ਦੇ ਸਕੇ ਪਰਮੇਸ਼ੁਰ ਦੇ ਹਰ ਇੱਕ ਪੁੱਤਰ ਨੂੰ ਜੋ ਉਸੇ ਵਚਨ ਲਈ ਖੜ੍ਹਾ ਹੈ ਅਤੇ ਨਿੰਦਾ ਨੂੰ ਝੱਲੇਗਾ। ਪਰਮੇਸ਼ੁਰ ਦਾ ਹਰੇਕ ਪੁੱਤਰ, ਯੁਗਾਂ ਦੇ ਦੌਰਾਨ, ਜਿਹੜੇ ਨਿੰਦਾ ਦੇ ਲਈ ਖੜ੍ਹੇ ਰਹਿਣਗੇ, ਕੋਈ ਵੀ ਉਸਨੂੰ ਛੁਟਕਾਰਾ ਨਹੀਂ ਦੇ ਸਕਦਾ ਸੀ, ਪਰ ਵਿਸ਼ਵਾਸ ਨਾਲ ਉਸਨੇ ਉਸ ਛੁਡਾਉਣ ਵਾਲੇ ਨੂੰ ਆਉਂਦਿਆਂ ਦੇਖਿਆ।

282 ਅੱਯੂਬ ਨੇ ਉਸਨੂੰ ਦੇਖਿਆ। ਅੱਯੂਬ ਉਥੇ ਹੀ ਖੜ੍ਹਾ ਸੀ, ਅਤੇ ਉਨ੍ਹਾਂ ਨੇ ਕਿਹਾ, "ਔਹ, ਤੂੰ ਇੱਕ ਗੁਪਤ ਪਾਪੀ ਹੈਂ। ਪਰਮੇਸ਼ੁਰ ਤੇਰੇ ਨਾਲ ਬੁਰਾਈ ਕਰ ਰਿਹਾ ਹੈ, ਕਿਉਂਕਿ ਤੂੰ ਇੱਕ ਗੁਪਤ ਪਾਪੀ ਹੈਂ।"

283 ਉਸ ਨੇ ਕਿਹਾ, "ਮੈਂ ਜਾਣਦਾ ਹਾਂ ਕਿ ਮੇਰਾ ਛੁਡਾਉਣ ਵਾਲਾ ਜਿਉਂਦਾ ਹਾਂ। ਅੰਤਲੇ ਦਿਨਾਂ ਵਿੱਚ ਉਹ ਧਰਤੀ ਉੱਤੇ ਖੜ੍ਹਾ ਹੋਵੇਗਾ। ਭਾਵੇਂ ਚਮੜੀ ਦੇ ਕੀੜੇ ਇਸ ਸਰੀਰ ਨੂੰ ਨਾਸ ਕਰ ਦੇਣ, ਫਿਰ ਵੀ, ਮੈਂ ਆਪਣੇ ਸਰੀਰ ਵਿੱਚ ਪਰਮੇਸ਼ੁਰ ਨੂੰ ਦੇਖਾਂਗਾ।"

284 ਉਸਦੀ ਪਤਨੀ ਨੇ ਕਿਹਾ, "ਤੂੰ ਉਸ ਨੂੰ ਸਰਾਪ ਦੇ ਕੇ ਮਰ ਕਿਉਂ ਨਹੀਂ ਜਾਂਦਾ?" ਉਸ ਨੇ ਕਿਹਾ, "ਤੁਸੀਂ ਇੱਕ ਖੁਆਰ ਮੰਦਭਾਗਾ ਜਿਹਾ ਦਿੱਖਦਾ ਹੈਂ।"

285 ਉਸ ਨੇ ਕਿਹਾ, "ਤੂੰ ਇੱਕ ਮੂਰਖ ਔਰਤ ਵਾਂਗ ਗੱਲ ਕਰਦੀ ਹੈਂ।" ਆਮੀਨ। ਉੱਥੇ ਉਹ ਸੀ। "ਮੈਂ ਜਾਣਦਾ ਹਾਂ ਕਿ ਉਹ ਜਿਉਂਦਾ ਹੈ, ਅਤੇ ਉਹ ਅੰਤ ਦੇ ਦਿਨ ਖੜ੍ਹਾ ਹੋਵੇਗਾ।"

286 ਜੇ ਯਿਸੂ ਨਾ ਆਇਆ ਹੁੰਦਾ, ਤਾਂ ਅੱਯੂਬ ਨੂੰ ਛੁਡਾਇਆ ਨਹੀਂ ਜਾ ਸਕਦਾ ਸੀ, ਕਿਉਂਕਿ ਉਹ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਕੋਹੀਂ ਗਿਆ ਲੇਲਾ ਸੀ। ਉਹ ਆਪਣੇ ਸਥਾਨ ਨੂੰ ਜਾਣਦਾ ਸੀ। ਉਹ ਆਪਣੇ ਅਹੁਦੇ ਨੂੰ ਜਾਣਦਾ ਸੀ।

287 ਇਹੀ ਕਾਰਨ ਹੈ, ਮਰਿਯਮ ਨੇ ਉਸ ਅਹੁਦੇ ਨੂੰ ਪਛਾਣ ਲਿਆ, ਉਸ ਦਿਨ

ਜਦੋਂ ਉਹ ਉੱਥੋਂ ਬਾਹਰ ਆਈ। ਉਸ ਨੇ ਕਿਹਾ…"ਜੇ ਮੈਂ…ਤੂੰ ਇੱਥੇ ਹੁੰਦਾ, ਤਾਂ ਮੇਰਾ ਭਰਾ ਨਾ ਮਰਦਾ।"

ਉਸ ਨੇ ਕਿਹਾ, "ਤੇਰਾ ਭਰਾ ਮੁੜ ਜੀ ਉਠੇਗਾ।"

ਉਸ ਨੇ ਕਿਹਾ, "ਹਾਂ, ਪ੍ਰਭੂ ਜੀ, ਪੁਨਰਉਥਾਨ ਵਿੱਚ। ਉਹ ਇੱਕ ਚੰਗਾ ਮੁੰਡਾ ਸੀ।"

ਯਿਸੂ ਨੇ ਕਿਹਾ, "ਪਰ **ਮੈਂ ਹਾਂ** ਉਹ ਪੁਨਰਉਥਾਨ। ਕੀ ਤੂੰ ਇਸ ਤੇ ਵਿਸ਼ਵਾਸ ਕਰਦੀ ਹੈਂ?"

288 ਉਸ ਨੇ ਕਿਹਾ, "ਹਾਂ, ਪ੍ਰਭੂ, ਮੈਂ ਵਿਸ਼ਵਾਸ ਕਰਦੀ ਹਾਂ ਕਿ ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ ਜੋ ਸੰਸਾਰ ਵਿੱਚ ਆਉਣ ਵਾਲਾ ਸੀ।"

ਉਸ ਨੇ ਕਿਹਾ, "ਤੁਸੀਂ ਉਸਨੂੰ ਕਿੱਥੇ ਦਫ਼ਨਾਇਆ ਹੈ?" ਔਹ! ਉਥੇ ਤੁਸੀਂ ਹੋ। ਊਂ-ਹੂੰ।

289 ਉਸਨੇ ਇਸਨੂੰ ਪਛਾਣ ਲਿਆ। ਉਹ ਔਰਤ ਇਹ ਨਹੀਂ ਕਹਿ ਰਹੀ ਸੀ। ਉਸ ਵਿੱਚੋਂ ਸੱਤ ਭੂਤ ਕੱਢੇ ਗਏ ਸਨ। ਉਹ ਪਰਮੇਸ਼ੁਰ ਦੀ ਸਮਰੱਥ ਨੂੰ ਜਾਣਦੀ ਸੀ, ਜੋ ਹੰਕਾਰ ਅਤੇ ਤਣਾਅ ਅਤੇ ਹਰ ਚੀਜ਼ ਨੂੰ ਉਸ ਤੋਂ ਦੂਰ ਕਰ ਸਕਦੀ ਸੀ, ਜੋ ਉਸ ਛੋਟੀ, ਸੁਆਰਥੀ ਹਾਈ-ਸਕੂਲ ਦੀ ਭਾਵਨਾ ਨੂੰ ਉਸ ਵਿੱਚੋਂ ਕੱਢ ਸਕਦਾ ਸੀ, ਅਤੇ ਉਸਨੂੰ ਇੱਕ ਨਵਾਂ ਜੀਵ ਬਣਾ ਸਕਦਾ ਸੀ। ਉਸਨੇ ਸੱਤ ਭੂਤਾਂ ਨੂੰ ਬਾਹਰ ਕੱਢਿਆ ਸੀ। ਉਹ ਔਰਤਾਂ ਜਾਣਦੀਆਂ ਸਨ ਕਿ ਉਹ ਕੀ ਸੀ, ਜਿਸ ਨੂੰ ਉਹਨਾਂ ਸਵੀਕਾਰ ਕੀਤਾ ਸੀ।

290 ਉਹ ਜਾਣਦੀਆਂ ਸਨ ਕਿ ਉਹ ਉਨ੍ਹਾਂ ਲਈ ਕੀ ਕਰ ਸਕਦਾ ਸੀ। ਅੱਜ ਉਹ ਅੱਜ ਵੀ, ਇਸੇ ਤਰ੍ਹਾਂ ਕਰਦੇ ਹਨ। ਬਸ ਇਸ ਨੂੰ ਸਵੀਕਾਰ ਕਰੋ। ਇਹ ਅਗਲੀ ਗੱਲ ਹੈ।

291 ਉੱਥੇ ਉਹ ਹੈ। ਉਸ ਨੇ ਇਹ ਕਿਹਾ। ਅਤੇ ਉਹ…ਤੁਸੀਂ ਜਾਣਦੇ ਹੋ ਕਿ ਕੀ ਹੋਇਆ ਹੈ। ਔਹ!

292 ਉਹ ਸਾਰੇ ਜੋ ਉਸੇ ਵਹਕਣ ਲਈ ਦੁੱਖ ਝੱਲਣਗੇ, ਉਹ ਉਸੇ ਕਾਰਨ ਲਈ ਮਰ ਗਿਆ। ਕੇਵਲ ਉਹੀ ਸੀ ਜੋ ਅਜਿਹਾ ਕਰਨ ਲਈ ਮਰ ਸਕਦਾ ਸੀ, ਕਿਉਂਕਿ ਉਹ ਵਚਨ ਸੀ। ਉਹ ਵਚਨ ਸੀ, ਵਚਨ ਪ੍ਰਗਟ ਕੀਤਾ ਗਿਆ। ਬਾਕੀ ਸਾਰਿਆਂ ਕੋਲ ਥੋੜ੍ਹੇ-ਥੋੜ੍ਹੇ ਹਿੱਸੇ ਸਨ, ਪਰ ਇੱਥੇ ਉਸ ਵਿੱਚ ਪਰਮੇਸ਼ੁਰ ਦੀ ਸੰਪੂਰਨਤਾ ਸੀ। ਉਹ ਅੱਜ ਵੀ ਉਹੀ ਹੈ। ਇਬਰਾਨੀਆਂ 13:8, "ਯਿਸੂ ਮਸੀਹ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ।" ਸੁਣੋ।

293 ਮੈਂ ਸਮਾਪਤ ਕਰ ਰਿਹਾ ਹਾਂ, ਅਸਲ ਵਿੱਚ। ਮੈਂ ਇਹ ਕਰਨ ਜਾ ਰਿਹਾ ਹਾਂ, ਬੱਸ ਕਰਨਾ ਪੈਣਾ ਹੈ। ਮੈਂ ਸਮੇਂ ਤੋਂ ਬਹੁਤ ਅੱਗੇ ਲੰਘ ਚੁੱਕਾ ਹਾਂ।

294 ਉਸਨੇ ਕਦੇ ਇੱਕ ਵੀ ਸ਼ਬਦ ਨਹੀਂ ਲਿਖਿਆ। ਕੀ ਉਸਨੇ ਲਿਖਿਆ ਸੀ? [ਕਲੀਸਿਯਾ ਕਹਿੰਦੀ ਹੈ, "ਨਹੀਂ"—ਸੰਪਾ.] ਕਦੇ ਕੋਈ ਸ਼ਬਦ ਨਹੀਂ ਲਿਖਿਆ। ਕਿਉਂ? ਉਹ ਵਚਨ ਸੀ। ਉਹ ਕੀ ਸੀ? ਜੋ ਵਚਨ ਜੋ ਲਿਖੇ ਗਏ ਸਨ, ਉਹ ਉਸ ਵਚਨ ਦਾ ਪ੍ਰਗਟਾਵਾ ਸੀ। ਮਹਿਮਾ! ਵਾਹ! ਹੁਣ ਮੈਨੂੰ ਚੰਗਾ ਲੱਗ ਰਿਹਾ ਹੈ। ਉਹ ਵਚਨ ਸੀ। ਉਸਨੂੰ ਕੁਝ ਵੀ ਲਿਖਣਾ ਨਹੀਂ ਪਿਆ। ਉਹ ਵਚਨ ਸੀ, ਇਸ ਲਿਖਤੀ ਵਚਨ ਨੂੰ ਪ੍ਰਗਟ ਕੀਤਾ ਗਿਆ। ਪਰਮੇਸ਼ੁਰ ਦੀ ਮਹਿਮਾ ਹੋਵੇ! ਉਹ ਅੱਜ, ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ। ਉਹ ਵਚਨ ਹੈ, ਪ੍ਰਗਟ ਕੀਤਾ ਗਿਆ ਵਚਨ।

ਤੁਸੀ ਕਹੋਗੇ, "ਕੀ ਇਹ ਸਹੀ ਹੈ, ਭਾਈ ਬ੍ਰਨਹਾਮ?"

295 ਯਹੋਵਾਹ ਨੂੰ ਉੱਥੇ ਵਾਪਸ ਖਲੋਤੇ ਦੇਖੋ ਅਤੇ ਉਸ ਨੂੰ ਦੂਰ ਉਨ੍ਹਾਂ ਦੇ ਲਹਿਰਾਂ ਦੇ ਉੱਪਰ ਇੱਕ ਲਕੀਰ ਫੂਕਦੇ ਹੋਏ ਵੇਖੋ, ਅਤੇ ਇਸਰਾਏਲ ਦੇ ਲੰਘਣ ਲਈ ਇੱਕ ਸੜਕ ਬਣਾਉਂਦੇ ਹੋਏ।

296 ਯਹੋਵਾਹ ਨੂੰ ਸਰੀਰ ਵਿੱਚ ਦੇਖੋ, ਕਹੋ, "ਸ਼ਾਂਤ ਰਹਿ, ਥੰਮ੍ਹ ਜਾ।" ਜਦੋਂ ਲਹਿਰਾਂ ਕੰਢਿਆਂ ਨਾਲ ਟੱਕਰਾ ਰਹੀਆਂ ਸਨ, ਤੂਫਾਨ ਵਿੱਚ, ਅਤੇ ਸ਼ੈਤਾਨ ਹਰ ਚੀਜ਼ ਨੂੰ ਠੋਕਰ ਮਾਰ ਰਿਹਾ ਸੀ, ਉਸ ਤਰ੍ਹਾਂ, ਉਸ ਨੇ ਕਿਹਾ, "ਸ਼ਾਂਤੀ ਰਹਿ, ਥੰਮ੍ਹ ਜਾ।" ਅਤੇ ਇਸ ਨੇ ਉਸ ਦੀ ਆਗਿਆ ਮੰਨੀ; ਹਵਾਵਾਂ ਅਤੇ ਸਭ ਨੇ। ਉਹ ਯਹੋਵਾਹ ਸੀ। ਆਮੀਨ।

297 ਉਹ ਯਹੋਵਾਹ ਜੋ ਉਸ ਪਾਸੇ ਖੜ੍ਹਾ ਹੋ ਸਕਦਾ ਹੈ ਅਤੇ ਕੁਝ ਤ੍ਰੇਲ ਦੀਆਂ ਬੂੰਦਾਂ ਨੂੰ ਛਿੜਕ ਸਕਦਾ ਹੈ, ਇਸ ਨੂੰ ਧਰਤੀ ਉੱਤੇ ਡਿੱਗਣ ਦਿੰਦਾ ਹੈ ਅਤੇ ਤਾਂ ਲੋਕਾਂ ਨੂੰ ਭੋਜਨ ਦੇਣ ਲਈ, ਰੋਟੀ ਬਣ ਸਕੇ।

298 ਉਸਨੇ ਖੜ੍ਹਾ ਹੋ ਕੇ ਪੰਜ ਮੱਛੀਆਂ, ਜਾਂ, ਪੰਜ ਬਿਸਕੁਟ ਅਤੇ ਦੋ ਮੱਛੀਆਂ ਲਈਆਂ, ਅਤੇ ਪੰਜ ਹਜ਼ਾਰ ਨੂੰ ਰਜਾਇਆ।

299 ਉਹ ਵਚਨ ਸੀ। ਆਮੀਨ। ਆਮੀਨ। ਉਹ ਵਚਨ ਹੈ, ਅਤੇ ਉਹ ਹਮੇਸ਼ਾ ਵਚਨ ਹੀ ਰਹੇਗਾ। ਅਤੇ ਮੇਰੇ ਅਤੇ ਮੇਰੇ ਘਰਾਣੇ ਲਈ, ਅਸੀਂ ਵਚਨ ਦੀ ਸੇਵਾ ਕਰਾਂਗੇ।

ਔਹ, ਮੈਂ ਉਸਨੂੰ ਵੇਖਣਾ ਚਾਹੁੰਦਾ ਹਾਂ, ਉਸਦੇ ਚਿਹਰੇ ਨੂੰ
ਵੇਖਣਾ ਚਾਹੁੰਦਾ ਹਾਂ,

ਉੱਥੇ ਸਦਾ ਲਈ ਉਸ ਦੀ ਮੁਕਤੀ ਦੀ ਕਿਰਪਾ ਨੂੰ
ਗਾਵਾਂਗਾ;
ਮਹਿਮਾ ਦੀਆਂ ਸੜਕਾਂ ਤੇ, ਮੈਨੂੰ ਆਪਣੀ ਆਵਾਜ਼ ਚੁੱਕਣ
ਦਿਓ;
ਜਦ ਸਭ ਫਿਕਰਾਂ ਮੁੱਕ ਜਾਣਗੀਆਂ, ਅਖੀਰ ਤੇ ਘਰ
ਪਹੁੰਚ ਜਾਵਾਂਗਾ, ਹਮੇਸ਼ਾ ਲਈ ਆਨੰਦ ਕਰਨ ਲਈ।

300 ਔਹ, ਮੇਰੇ! ਹਾਂ। ਵਚਨ ਦੇ ਲਈ ਨਿੰਦਾ ਨੂੰ ਸਹਿਣ ਕਰੋ। ਵਹਕਣ ਦੇ ਨਾਲ ਨਿੰਦਾ ਹੁੰਦੀ ਹੈ। ਬਿਲਕੁਲ ਬਚਨ ਦੇ ਨਾਲ ਖੜ੍ਹੇ ਰਹੋ, ਅਤੇ ਨਿੰਦਾ ਝੱਲੋ।

ਆਓ ਅਸੀਂ ਪ੍ਰਾਰਥਨਾ ਕਰੀਏ।

301 ਯਿਸੂ, ਉਸ ਰਾਤ ਵਾਂਗ, ਪ੍ਰਭੂ, ਜਦ ਮੈਂ ਪੁਕਾਰਿਆ ਸੀ, "ਹੇ ਯਿਸੂ, ਤੁਸੀਂ ਮੇਰੇ ਤੋਂ ਕੀ ਕਰਾਓਗੇ? ਮੈਂ ਕੀ ਕਰ ਸਕਦਾ ਹਾਂ, ਪ੍ਰਭੂ? ਇਨ੍ਹਾਂ ਚੀਜ਼ਾਂ ਨੂੰ ਦੇਖ ਕੇ, ਅਤੇ ਉਸ ਸਮੇਂ ਨੂੰ ਜਾਣਦੇ ਹੋ ਜਿਸ ਵਿੱਚ ਅਸੀਂ ਜੀ ਰਹੇ ਹਾਂ, ਮੈਂ ਕੀ ਕਰ ਸਕਦਾ ਹਾਂ, ਪ੍ਰਭੂ? ਮੈਂ ਕੀ ਕਰ ਸੱਕਦਾ ਹਾਂ?"

302 ਮੈਂ ਇੱਥੇ ਆਪਣੀ ਛੋਟੀ ਜਿਹੀ ਕਲੀਸਿਯਾ ਲਈ ਪ੍ਰਾਰਥਨਾ ਕਰਦਾ ਹਾਂ, ਪ੍ਰਭੂ। ਮੈਂ ਦਰਸ਼ਨ ਵਿੱਚ ਛੋਟੇ ਪੰਛੀਆਂ ਬਾਰੇ ਸੋਚਦਾ ਹਾਂ, ਉਹ ਚੀਜ਼ਾਂ ਜੋ ਹੋਈਆਂ ਹਨ; ਅਤੇ ਹੋਰ ਪੰਛੀ, ਜੋ ਕਿ ਮਹਾਨ ਚੀਜ਼ਾਂ ਸਨ। ਪਰ ਉਨ੍ਹਾਂ ਦੇ ਤਿੰਨ ਦਰਜੇ ਸਨ, ਪ੍ਰਭੂ। ਪਰ ਜਦੋਂ ਦੂਤਾਂ ਨੇ ਵਿੱਚ ਕਦਮ ਰੱਖਿਆ, ਤਾਂ ਕੋਈ ਪੰਛੀ ਨਹੀਂ ਬਚਿਆ ਸੀ। ਛੋਟੇ ਸੰਦੇਸ਼ਵਾਹਕ ਸ਼ਾਨਦਾਰ ਰਹੇ ਹਨ, ਪ੍ਰਭੂ, ਪਰ ਮੇਰਾ ਮੰਨਣਾ ਹੈ ਕਿ ਕੁਝ ਹੋਣ ਵਾਲਾ ਹੈ। ਹੋਣ ਦਿਓ, ਪ੍ਰਭੂ। ਸਾਨੂੰ ਢਾਲ ਅਤੇ ਸਾਨੂੰ ਆਪਣੇ ਤਰੀਕੇ ਨਾਲ ਬਣਾ। ਅਸੀਂ ਹਾਂ—ਅਸੀਂ ਮਿੱਟੀ ਹਾਂ। ਤੁਸੀਂ ਘੁਮਿਆਰ ਹੋ।

303 ਇਸ ਕ੍ਰਿਸਮਸ ਦੀ ਸ਼ਾਮ ਤੋਂ ਪਹਿਲਾਂ, ਪ੍ਰਭੂ, ਅਸੀਂ ਪਰਮੇਸ਼ੁਰ ਦੇ ਤੋਹਫ਼ੇ ਲਈ ਸ਼ੁਕਰਗੁਜ਼ਾਰ ਹਾਂ, ਜੋ ਪਰਮੇਸ਼ੁਰ ਨੇ ਸਾਨੂੰ ਦਿੱਤੇ ਹਨ। ਹਾਲਾਂਕਿ ਇਹ ਕੁਝ ਹੋਵੇਗਾ, ਜਿਵੇਂ ਅਸੀਂ ਆਪਣੇ ਦਿਲਾਂ ਵਿੱਚ ਵਿਸ਼ਵਾਸ ਕਰਦੇ ਹਾਂ, ਉਸ ਦਿਨ ਦੇ ਲਈ ਪਾਗਾਨ ਦਾ ਅੰਧਵਿਸ਼ਵਾਸ ਜਿਸ ਕਰਕੇ ਉਹਨਾਂ ਨੇ ਇਸਨੂੰ ਢਾਲਣ ਅਤੇ ਇਸਨੂੰ ਇੱਕ—ਇੱਕ ਜਨਤਕ ਮੇਲਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਕ੍ਰਾਇਸਟ ਮਾਸ, ਪਰ ਅਸੀਂ ਸੈਂਟਾ ਕਲਾਜ਼ ਅਤੇ ਕ੍ਰਿਸਮਸ ਦੇ ਰੁੱਖ ਅਤੇ—ਅਤੇ ਸਜਾਵਟ ਵਾਲੇ ਤਰੀਕੇ ਨਾਲ ਨਹੀਂ ਆ ਰਹੇ ਹਾਂ। ਪਰ ਅਸੀਂ ਪ੍ਰਭੂ ਯਿਸੂ ਦੇ ਨਾਮ ਵਿੱਚ, ਸਵਰਗ ਦੇ ਪਰਮੇਸ਼ੁਰ ਦੀ ਉਪਾਸਨਾ ਕਰਨ ਲਈ ਆ ਰਹੇ ਹਾਂ, ਜੋ ਸਾਨੂੰ ਛੁਡਾਉਣ ਲਈ ਦੇਹਧਾਰੀ ਹੋਇਆ, ਸਾਡੇ ਵਾਂਗ ਸ਼ਰੀਰ ਬਣਿਆ, ਅਤੇ ਸਾਡੇ ਵਿਚਕਾਰ ਵਾਸ ਕੀਤਾ; ਅਤੇ ਨਾਮ ਦੀ ਨਿੰਦਾ ਝੱਲੀ, ਸਲੀਬ ਦੀ ਨਿੰਦਾ ਝੱਲੀ, ਇੱਕ ਦੁਨਿਆਵੀ ਸੰਸਥਾ ਨੂੰ ਇਮਾਨੂਏਲ ਨੂੰ ਮੌਤ ਦੇ ਘਾਟ ਉਤਾਰਣ

ਦਿੱਤਾ, ਤਾਂ ਜੋ ਉਹ ਸਾਨੂੰ ਸਦੀਪਕ ਜੀਵਨ ਵਿੱਚ ਲਿਆ ਸਕੇ।

304 ਅਸੀਂ ਕੌਣ ਹਾਂ, ਪ੍ਰਭੂ? ਅਸੀਂ ਕੌਣ ਹਾਂ, ਜੋ ਅਸੀਂ ਕਿਸੇ ਨਿੰਦਾ ਤੋਂ ਬਚੀਏ? ਪਰਮੇਸ਼ੁਰ, ਸਾਨੂੰ ਬਹਾਦਰ ਸਿਪਾਹੀ ਬਣਾ। ਮੈਂ ਇਹ ਸ਼ਬਦ ਤੁਹਾਨੂੰ ਸੌਂਪਦਾ ਹਾਂ, ਪਿਤਾ। ਉਹ ਟੁੱਟੇ ਹੋਏ ਹੋ ਸਕਦੇ ਹਨ; ਮੇਰੇ ਵਾਂਗ ਥੱਕੇ ਅਤੇ ਹੁੱਸੇ ਹੋਏ ਹੋ ਸਕਦੇ ਹਨ। ਪਰ, ਪਿਤਾ, ਇਹਨਾਂ ਲੋਕਾਂ ਨੂੰ ਬੈਠਣ ਅਤੇ ਸੁਣਨ ਲਈ ਇਨਾਮ ਦਿਓ। ਅਤੇ ਉਹ ਸਮਰੱਥਾ ਜਿਸਨੇ ਸਾਡੇ ਪ੍ਰਭੂ ਨੂੰ ਲਿਆਂਦਾ, ਅਤੇ ਉਸਨੂੰ ਇੱਥੇ ਇੱਕ ਮੁਕਤੀਦਾਤਾ ਕਰਕੇ ਸਾਡੇ ਲਈ ਪੇਸ਼ ਕੀਤਾ, ਇਨ੍ਹਾਂ ਅੰਤਮ ਦਿਨਾਂ ਵਿੱਚ, ਇਹ ਇੱਥੇ ਹਰੇਕ ਆਤਮਾ ਨੂੰ ਉਤੇਜਿਤ ਕਰੇ, ਪ੍ਰਭੂ, ਪ੍ਰਭੂ ਯਿਸੂ ਦੀ ਆਮਦ ਦੇ ਨੇੜੇ ਆਉਣ ਲਈ। ਅਜਿਹਾ ਹੋ ਜਾਵੇ, ਪਿਤਾ।

305 ਸਾਡੇ ਵਿਚਕਾਰ ਦੁਖੀ ਅਤੇ ਬਿਮਾਰ ਲੋਕਾਂ ਨੂੰ ਚੰਗਾ ਕਰੋ। ਟੁੱਟੇ-ਦਿਲਾਂ ਨੂੰ ਜੋੜ੍ਹ ਦਿਓ। ਪ੍ਰਭੂ, ਅਸੀਂ...ਅਸੀਂ ਬਹੁਤ ਸਾਰੀਆਂ ਚੀਜਾਂ ਵਿੱਚੋਂ ਲੰਘੇ ਹਾਂ, ਸਖ਼ਤ ਲੜਾਈਆਂ ਤੋਂ, ਪ੍ਰਭੂ, ਮੇਰੇ ਦਿਲ ਉੱਤੇ ਬਹੁਤ ਸਾਰੇ ਜ਼ਖ਼ਮ ਹਨ। ਮੈਂ ਇੱਕ ਪੁਰਾਣਾ ਅਨੁਭਵੀ ਸਿਪਾਹੀ ਹਾਂ। ਮੇਰੀ ਮਦਦ ਕਰੋ, ਪ੍ਰਭੂ। ਮੈਨੂੰ ਤੁਹਾਡੀ ਮਦਦ ਦੀ ਲੋੜ ਹੈ। ਹੋ ਸਕਦਾ ਹੈ ਕਿ ਇਹ ਸਾਰੀ ਸਿਖਲਾਈ ਕਿਸੇ ਮਕਸਦ ਲਈ ਸੀ। ਮੈਨੂੰ ਭਰੋਸਾ ਹੈ ਕਿ ਇਹ ਇਸੇ ਲਈ ਸੀ, ਪ੍ਰਭੂ। ਮੇਰੀ ਮਦਦ ਕਰੋ, ਹੇ ਪਰਮੇਸ਼ੁਰ। ਅਤੇ ਇਸ ਕਲੀਸਿਯਾ ਦੀ ਮਦਦ ਕਰੋ। ਅਤੇ ਸਾਨੂੰ ਸਾਰਿਆਂ ਨੂੰ, ਅਸੀਸ ਦਿਓ।

306 ਛੋਟੇ ਬੱਚਿਆਂ ਨੂੰ ਅਸੀਸ ਦਿਓ। ਮੈਂ ਅੱਜ ਬਹੁਤ ਸਾਰੇ ਬੱਚਿਆਂ ਬਾਰੇ ਸੋਚ ਰਿਹਾ ਹਾਂ, ਛੋਟੇ, ਗਰੀਬ ਛੋਟੇ ਸਾਥੀਆਂ ਨੂੰ ਕੁਝ ਨਹੀਂ ਮਿਲੇਗਾ ਜੋ ਬਾਹਰ ਹਨ। ਅਤੇ ਮੈਂ—ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਦੇ ਨਾਲ ਰਹੋ ਅਤੇ ਉਨ੍ਹਾਂ ਦੀ ਮਦਦ ਕਰੋ। ਉਹਨਾਂ ਨੂੰ ਸਦੀਪਕ ਜੀਵਨ ਬਖਸ਼ੋ, ਪ੍ਰਭੂ। ਇਹ ਮਹਾਨ... ਇਹ ਕ੍ਰਿਸਮਸ ਦਾ ਤੋਹਫ਼ਾ ਹੈ ਜੋ ਅਸੀਂ ਚਾਹੁੰਦੇ ਹਾਂ, ਮੇਰੇ ਦਿਲ ਵਿੱਚ ਹਕੂਮਤ ਅਤੇ ਰਾਜ ਕਰਨ ਲਈ ਯਿਸੂ ਮਸੀਹ ਦਾ ਜੀਵਨ। ਇਹੀ ਮੈਂ ਚਾਹੁੰਦਾ ਹਾਂ, ਪ੍ਰਭੂ।

307 ਹੁਣ ਸਾਨੂੰ ਇਕੱਠੇ, ਅਸੀਸ ਦਿਓ। ਅਸੀਂ ਇਹ ਸ਼ਬਦ ਤੁਹਾਨੂੰ ਸੌਂਪਦੇ ਹਾਂ। ਜਿੱਥੇ ਇੱਛਾ ਹੋਵੇ ਉਨ੍ਹਾਂ ਨੂੰ ਉੱਥੇ ਡਿੱਗਣ ਦਿਓ, ਪ੍ਰਭੂ। ਜਿੱਥੇ ਕਿਤੇ ਵੀ ਕੋਈ ਦਿਲ ਖੁੱਲ੍ਹਦਾ ਹੈ, ਉਹ ਯਿਸੂ ਦੇ ਨਾਮ ਵਿੱਚ, ਮੁਕਤੀ ਦਾ ਇੱਕ ਮਹਾਨ ਸਮਾਂ ਲਿਆਵੇ। ਆਮੀਨ।

308 ਕਦੇ ਜੋ...ਕਿੰਨੇ ਉਸ ਨੂੰ ਪਿਆਰ ਕਰਦੇ ਹਨ? ਇੰਨੀ ਜਲਦੀ ਵਿੱਚ ਕਿਉਂ ਹੋ, ਫਿਰ ਵੀ? ਔਹ, ਮੈਂ ਉਸਨੂੰ ਪ੍ਰੇਮ ਕਰਦਾ ਹਾਂ! ਮੈ ਉਹਨੂੰ ਪ੍ਰੇਮ ਕਰਦਾ ਹਾਂ। "ਹੇ ਪ੍ਰਭੂ, ਤੁਸੀਂ ਮੇਰੇ ਤੋਂ ਕੀ ਕਰਾਓਗੇ?"

309 ਅੱਜ ਰਾਤ ਦੀਆਂ ਸਭਾਵਾਂ ਨੂੰ ਨਾ ਭੁੱਲਣਾ। ਹੁਣ ਤੁਸੀਂ ਜਾਣਦੇ ਹੋ ਕਿ

ਕ੍ਰਿਸਮਸ ਦਾ ਕੀ ਮਤਲਬ ਹੈ? ਔਹ, *ਇਹ* ਮੇਰਾ ਕ੍ਰਿਸਮਸ ਦਾ ਤੋਹਫ਼ਾ ਹੈ। *ਇਹ* ਉਹ ਵਚਨ ਹੈ। ਪ੍ਰਭੂ, ਜੇ ਮੈਂ ਆਪਣੇ ਆਪ ਨੂੰ ਹਟਾ ਸਕਾਂ, ਜੇ ਮੈਂ ਆਪਣੇ ਆਪ ਨੂੰ ਰਸਤੇ ਤੋਂ ਹਟਾ ਸਕਾਂ ਤਾਂ ਜੋ ਤੁਹਾਡਾ ਵਚਨ ਇਸ ਨੂੰ ਪ੍ਰਗਟ ਕਰ ਸਕੇ, *ਇੱਥੋਂ* ਆਪਣੇ ਆਪ ਹੀ, ਇਹ—ਇਹ ਸਭ ਤੋਂ ਵੱਡੀ ਚੀਜ਼ ਹੈ ਜਿਸ ਬਾਰੇ ਮੈਂ ਜਾਣਦਾ ਹਾਂ।

310 ਹੁਣ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਕੁਝ ਚੀਜ਼ਾਂ ਹਨ ਜੋ ਉਹ ਬੱਚਿਆਂ ਨੂੰ ਦੇਣਾ ਚਾਹੁੰਦੇ ਹਨ। ਹੁਣ ਮੈਂ ਸਭਾ ਨੂੰ ਭਾਈ ਨੇਵਿਲ ਵੱਲ ਮੋੜਾਂਗਾ। ਪਰਮੇਸ਼ੁਰ ਤੁਹਾਨੂੰ ਅਸੀਸ ਦਵੇ।

ਭਾਈ ਨੇਵਿਲ।

62-1223 ਵਚਨ ਦੇ ਕਾਰਨ ਨਿੰਦਾ ਸਹਿਣਾ
ਬ੍ਰਾਨਹਾਮ ਟੇਬਰਨੇਕਲ
ਜੈਫਰਸਨਵਿਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org